ਦੀ ਪ੍ਰਧਾਨਗੀ ਹੇਠ ਇਕ ਵਾਰ ਆਗਮਾਂ ਦਾ ਸੰਪਾਦਨ ਫੇਰ ਕੀਤਾ ਗਿਆ। ਇਸ ਨੂੰ ਮਾਥੁਰੀ ਵਾਚਨਾਂ ਆਖਦੇ ਹਨ।

**ਚੌਥੀ ਵਾਚਨਾਂ**—ਮਹਾਂਵੀਰ ਸੰਮਤ 837-840 ਸਮੇਂ ਹੀ ਵੱਲਭੀ (ਗੁਜਰਾਤ) ਵਿਖੇ ਅਚਾਰਿਆ ਨਾਗਾ ਅਰੁਜਨ ਦੀ ਪ੍ਰਧਾਨਗੀ ਹੇਠ ਇਕ ਵਾਚਨਾਂ ਫੇਰ ਕੀਤੀ ਗਈ। ਉਸ ਸਮੇਂ ਕਾਫੀ ਕੁਝ ਸਾਧੂ ਭੁੱਲ ਚੁਕੇ ਸਨ।

**ਪੰਜਵੀਂ ਵਾਚਨਾਂ**—880 ਜਾਂ 973 ਮਹਾਂਵੀਰ ਸੰਮਤ ਸਮੇਂ ਵੱਲਭੀ ਵਿਖੇ ਸ਼ਰਮਣ ਸੰਘ ਅਚਾਰਿਆ ਦੇਵਾ ਰਿਧੀਗਣੀ ਸ਼ਮਾ ਸ਼ਰਮਣ ਦੀ ਪ੍ਰਧਾਨਗੀ ਹੇਠ ਇਕੱਠ ਹੋਇਆ। ਸਾਰੇ ਆਗਮਾਂ ਨੂੰ ਤਾੜ ਪੱਤਰ ਤੇ ਲਿਖ ਕੇ ਸੁਰੱਖਿਅਤ ਕੀਤਾ ਗਿਆ। ਅੱਜ ਕੱਲ ਉਸੇ ਵਾਚਨਾਂ ਵਿੱਚ ਲਿਖੇ ਰਾਏ ਆਗਮ ਹੀ ਮਿਲਦੇ ਹਨ। ਇਸ ਤੋਂ ਬਾਅਦ ਕੋਈ ਅਜੋਹੀ ਸੰਗੀਤੀ ਨਹੀਂ ਹੋਈ।

ਉਸ ਸਮੇਂ ਤੋਂ ਲੈ ਕੇ ਹੁਣ ਤੱਕ ਅਨੇਕਾਂ ਅਚਾਰਿਆਂ ਨੇ ਸੰਸਕ੍ਰਿਤ, ਪ੍ਰਾਕ੍ਰਿਤ, ਅਪਭਰਸ਼, ਤਾਮਿਲ, ਤੇਲਗੂ, ਕਨਡ, ਕਾਜਸਥਾਨੀ, ਗੁਜਰਾਤੀ ਤੇ ਹਿੰਦੀ ਵਿਚ ਆਗਮ ਤੇ ਅਨੇਕਾਂ ਟੀਕੇ; ਟੱਬਾ, ਨਿਉਕਤੀਆਂ, ਚੂਰਨੀਆ, ਭਾਸ਼ਯ ਤੇ ਅਵਚੂਰਨੀਆ ਭਾਰੀ ਸੰਖਿਆ ਵਿੱਚ ਲਿਖੇ ਗਏ। ਅੱਜ ਵੀ ਭਾਰਤ ਦੇ ਬੜੇ ਬੜੇ ਸ਼ਹਿਰਾਂ ਵਿੱਚ ਹਜ਼ਾਰ ਾਂ ਸਾਲ ਪਹਿਲਾਂ ਲਿਖੇ ਗ੍ਰੰਥਾਂ ਦੇ ਭੰਡਾਰ ਮਿਲਦੇ ਹਨ।

## ਸਵੇਤਾਂਵਰ ਜੈਨ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨਾ[1]

ਸ਼੍ਰੀ ਨੰਦੀ ਸੂਤਰ ਅਨੁਸਾਰ ਆਗਮਾਂ ਦਾ ਵਰਗੀਕਰਨ ਇਸ ਪ੍ਰਕਾਰ ਹੈ :—

ਆਵਸ਼ਕ 6 ਹਨ

(1) ਸਮਾਇਕ (2) ਚਤੁਰਵਿਸ਼ਤਵ (3) ਬੰਦਨ (4) ਪ੍ਰਤਿਕ੍ਰਮਨ (5) ਕਯੋਤਸਰਗ (6) ਪ੍ਰਤਿਖਿਆਨ।

ਉਤਰਕਾਲਿਕ 29 ਹਨ

(1) ਦਸ਼ਵੈਕਾਲਿਕ (2) ਕਲਪਾਕਲਪ (3) ਚੁਲਕਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸਨੀਆ (7) ਜੀਵਾਭਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10)

---

ਵਿਸ਼ੇ ਪੱਖੋਂ ਆਗਮਾਂ ਦਾ ਵਰਗੀਕਰਨ ਚਾਰ ਪ੍ਰਕਾਰ ਨਾਲ ਕੀਤਾ ਜਾਂਦਾ ਹੈ।

(1) ਚਰਣ-ਕਰਨਾਯੋਗ (ਕਾਲਿਕ ਸ਼ਰੁਤ) (2) ਧਰਮਾਨੂੰਯੋਗ (ਰਿਸ਼ੀ ਭਾਸ਼ਤਿ ਆਦਿ ਸੂਤਰ) (3) ਗਣਿਤਾਨੁਯੋਗ (ਸੂਰਜ ਪਰਿਆਗਪਤੀ) (4) ਦਰਵਯਾਨੁਯੋਗ (ਦ੍ਰਿਸ਼ਟੀਵਾਦ ਜਾਂ ਸੂਤਰ ਕ੍ਰਿਤਾਂਗ)।

(11) ਨੰਦੀ (12) ਅਨੁਯੋਗਦਵਾਰ (13) ਦੇਵੇਂਦਰਸਤਵ (14) ਤਦੁਲਵੈਚਾਰਿਕ (15) ਚੰਦਰ ਵੇਦਯਕ (16) ਸੂਰਯ ਪ੍ਰਗਅਪਤੀ (17) ਪੋਰਸ਼ੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆਚਰਨ ਵਿਨਿਸ਼ਚੋ (20) ਗਣੀ ਵਿਦਿਆ (21) ਧਿਆਨ ਵਿਭੱਕਤੀ (22) ਮਰਨ ਵਿਭੱਕਤੀ (23) ਆਤਮ ਵਿਸ਼ੁਧੀ (24) ਵੀਤਰਾਗ ਸ਼ਰੁਤ (25) ਸਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਨਵਿਧੀ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ ।

ਕਾਲਿਕ 35 ਹਨ

(1) ਉੱਤਰਾਧਿਐਨ (2) ਦਸ਼ਾਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਵਹਾਰ (5) ਨਸ਼ਿਥ (6) ਮਹਾਨਸ਼ਿਥ (7) ਰਿਸ਼ੀ ਭਾਸ਼ੀਤ (8) ਜੰਬੂ ਦੀਪ ਪ੍ਰਗਿਆਪਤੀ (9) ਦੀਪਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਲਘੁਵਿਮਾਨ ਪ੍ਰਵਿਭੱਕਤੀ (12) ਮਹਾਵਿਮਾਨ (13) ਅੰਗ ਚੁਲਿਕਾ (14) ਵਰਗ ਚੁਲਿਕਾ (15) ਵਿਆਖਿਆ ਚੁਲਿਕਾ (16) ਅਰੁਣੋਪਪਾਤ (17) ਵਰੁਣੋਪਪਾਤ (18) ਗਰੁਡੋਪਪਾਤ (19) ਧਰਨੋਪਪਾਤ (20) ਵੇਸ਼ਰਮਨਪਪਾਤ (21) ਵੇਲਧੰਰਪਪਾਤ (22) ਦੇਵੇਂਦਰਪਪਾਤ (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗ ਪ੍ਰਗਿਆਪਨਿਕਾ (26) ਨਿਰਯਵਾਲਿਕਾ (27) ਕਲਪਾਵਤਸਿਕਾ (28) ਪੁਸ਼ਪਿਤਾ (29) ਪੁਸ਼ਪ ਚੁਲਿਕਾ (30) ਵਿਸ਼ਨ ਦਸ਼ਾ (31) ਆਸੀਵਿਸ਼ ਭਾਵਨਾ (32) ਦਰਿਸ਼ਟੀਵਿਸ਼ ਭਾਵਨਾ (33) ਸੁਪਨ ਭਾਵਨਾ (34) ਮਹਾਸੁਪਨ ਭਾਵਨਾ (35) ਤੇਜੋਨਿਸਰਗ ।

ਅੰਗ ਪ੍ਰਵਿਸ਼ਟ 12 ਹਨ ।

(1) ਅਚਾਰੰਗ (2) ਸੂਤਰ ਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਵਿਆਖਿਆ ਪ੍ਰਗਿਆਪਤ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਦਸਾਂਗ (9) ਅਨੁਤਰ ਔਪਪਾਤਿਕ (10) ਪ੍ਰਸ਼ਨ ਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ :

## ਦਿਗੰਬਰ ਪਰੰਪਰਾ ਅਨੁਸਾਰ ਆਗਮਾਂ ਦਾ ਵਰਗੀਕਰਨ

ਸ਼ਿਰੀ ਤੱਤਵਾਰਥ ਸੂਤਰ 1—20 ਸ਼ਰੁਤ ਸਾਗਰ ਵਿਰਤਅਨੁਸਾਰ ਇਸ ਪ੍ਰਕਾਰ ਹੈ :—

## ਆਗਮ

| ਅੰਗ ਪ੍ਰਵਿਸ਼ਟ | ਅੰਗ ਬਾਹਰ |
|---|---|
| 1. ਆਚਾਰ | 1. ਸਮਇਕ |
| 2. ਸੂਤਰਕ੍ਰਿਤ | 2. ਚਤੁਰਵਿਸ਼ਤਵ |
| 3. ਸਥਾਨ | 3. ਬੰਦਨਾ |
| 4. ਸਮਵਾਯ | 4. ਪ੍ਰਤਿਕ੍ਰਮਨ |
| 5. ਵਿਆਖਿਆ ਪ੍ਰਗਿਪਤੀ | 5. ਵੈਨਯੀਕ |
| 6. ਗਿਆਤਾ ਧਰਮ ਕਥਾਂਗ | 6. ਕ੍ਰਤਿਕਰਮ |
| 7. ਉਪਾਸ਼ਕ ਦਸਾਂਗ | 7. ਦਸਵੈਕਾਲਿਕ |
| 8. ਅੰਤਕ੍ਰਿਤ ਦਸ਼ਾਗ | 8. ਉੱਤਰਾਧਿਐਨ |
| 9. ਅਨੁਤਪੋਪਾਤਿਕ ਦਸ਼ਾਂਗ | 9. ਕਲਪ ਵਿਵਹਾਰ |
| 10. ਪ੍ਰਸ਼ਨ ਵਿਆਕਰਨ | 10. ਕਲਪਾਕਲਪ |
| 11. ਵਿਪਾਕ | 11. ਮਹਾਕਲਪ |
| 12. ਦਰਿਸ਼ਟੀਵਾਦ | 12. ਪੁੰਡਰੀਕ |
| | 13. ਮਹਾ ਪੁੰਡਰੀਕ |
| | 14. ਅਸ਼ੀਤਕਾ |

## ਦਰਿਸ਼ਟੀਵਾਦ

| ਪਰਿਕਰਮ | ਸੂਤਰ | ਪ੍ਰਥਮਾਨੁਯੋਗ | ਪੂਰਵਗਤ | ਚੁਲਿਕਾ |
|---|---|---|---|---|
| ਚੰਦਰ ਪ੍ਰਗਿਆਪਤੀ | | 1. ਉਤਪਾਦ | | 1. ਜਲਗਤਾ |
| ਸੂਰਜ ਪ੍ਰਗਿਆਪਤੀ | | 2. ਅਗਰਾਇਣੀਏ | | 2. ਸਥਲਗਤਾ |
| ਜੰਬੂਦੀਪ ਪ੍ਰਗਿਆਪਤੀ | | 3. ਵੀਰਯਾਨੁਪ੍ਰਵਾਦ | | 3. ਮਾਯਾਗਤਾ |
| ਦੀਪਸਾਗਰ ਪ੍ਰਗਿਆਪਤੀ | | 4. ਆਸਤੀਨਾਸਤੀਪ੍ਰਵਾਦ | | 4. ਅਕਾਸ਼ਗਤਾ |
| ਵਿਆਖਿਆ ਪ੍ਰਗਿਆਪਤੀ | | 5. ਗਿਆਨਪ੍ਰਵਾਦ | | 5. ਰੂਪਗਤਾ |
| | | 6. ਸਤਯਪ੍ਰਵਾਦ | | |
| | | 7. ਆਤਮ ਪ੍ਰਵਾਦ | | |
| | | 8. ਕਰਮ ਪ੍ਰਵਾਦ | | |

9. ਪ੍ਰਤਿਖਿਆਨ ਪ੍ਰਵਾਦ
10. ਵਿਦਿਆਨੁ ਪ੍ਰਵਾਦ
11. ਕਲਿਆਨ
12. ਪ੍ਰਾਣਾਵਾਯ
13. ਕ੍ਰਿਆਵਿਸ਼ਾਲ
14. ਲੋਕਵਿੰਦੂਸਾਰ

ਜੈਨ ਧਰਮ ਦੇ ਦੋਹੇ ਪ੍ਰਮੁਖ ਫਿਰਕੇ ਇਹ ਗੱਲ ਮੰਨਦੇ ਹਨ ਕਿ ਭਗਵਾਨ ਮਹਾਂਵੀਰ ਦਾ ਅਸਲ ਸਾਹਿਤ ਨਸ਼ਟ ਹੁੰਦਾ ਰਿਹਾ ਹੈ। ਇਸ ਬਾਰੇ ਜਦ ਅਸੀਂ ਦੋਹੇ ਫਿਰਕਿਆਂ ਦਾ ਇਤਿਹਾਸ ਵੇਖਦੇ ਹਾਂ ਤਾਂ ਇਸ ਬਾਰੇ ਮਤਭੇਦ ਦਾ ਪਤਾ ਹੈ।

## ਆਗਮ ਦਾ ਨਸ਼ਟ ਹੋਣਾ
## ਦਿਗੰਬਰ ਪਰੰਪਰਾ ਅਨੁਸਾਰ

ਦਿਗੰਬਰ ਪਰੰਪਰਾ ਅਨੁਸਾਰ ਅੱਜ ਕਲ ਕੋਈ ਆਗਮ ਉਪਲਭਧ ਨਹੀਂ ਹੈ। ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ 62 ਸਾਲ ਬਾਅਦ ਕੇਵਲ-ਗਿਆਨੀ (ਬ੍ਰਹਮ ਗਿਆਨੀ) ਖਤਮ ਹੋ ਗਏ। ਆਖਰੀ ਕੇਵਲ-ਗਿਆਨੀ ਸ੍ਰੀ ਜੰਬੂ ਸਵਾਮੀ ਸਨ। ਉਨ੍ਹਾਂ ਤੋਂ 100 ਸਾਲ ਬਾਅਦ ਸ਼ਰੁਤ ਕੇਵਲੀ ਦੀ ਪਰੰਪਰਾ ਵੀ ਖਤਮ ਹੋ ਗਈ। ਆਖਰੀ ਸ਼ਰੁਤ ਕੇਵਲੀ ਭਦਰਵਾਹੁ ਸਨ। ਇਸ ਤੋਂ 183 ਸਾਲ ਬਾਅਦ 10 ਪੂਰਵਾਂ ਦਾ ਗਿਆਨ ਵੀ ਨਸ਼ਟ ਹੋ ਗਿਆ। ਆਖਰੀ ਪੂਰਵਾਂ ਦੇ ਜਾਨਕਾਰ ਸੁਧਰਮਾਂ ਜਾਂ ਧਰਸੇਨ ਸਨ। ਉਨ੍ਹਾਂ ਤੋਂ 220 ਸਾਲ ਬਾਅਦ 11 ਅੰਗਾਂ ਦੇ ਜਾਨਕਾਰ ਵੀ ਖਤਮ ਹੋ ਗਏ। ਆਖਰੀ ਅੰਗਾਂ ਦੇ ਜਾਨਕਾਰ ਕੰਸ ਅਚਾਰਿਆ ਸਨ। ਇਸ ਤੋਂ 118 ਸਾਲ ਬਾਅਦ ਆਚਾਰੰਗ ਸੂਤਰ ਦੇ ਆਖਰੀ ਜਾਨਕਾਰੀ ਲੋਹ ਆਚਾਰਿਆ ਸਮੇਂ ਸਾਰਾ ਆਗਮ ਸਾਹਿਤ ਨਸ਼ਟ ਹੋ ਗਿਆ। ਇਸ ਪ੍ਰਕਾਰ $62+100+183+220+118=683$ ਮਹਾਂਵੀਰ ਨਿਰਵਾਨ ਦੀ 7 ਸਦੀ ਵਿੱਚ ਸਾਰਾ ਸਾਹਿਤ ਨਸ਼ਟ ਹੋ ਗਿਆ। ਉਸ ਸਮੇਂ ਦ੍ਰਿਸ਼ਟੀਵਾਦਕ ਨਾਮਕ ਅੰਗ ਦੇ ਕੁਝ ਅੰਸ਼ ਅਚਾਰਿਆ ਧਰ ਸੇਨ ਨੂੰ ਯਾਦ ਸਨ। ਉਨ੍ਹਾਂ ਸੋਚਿਆ ਕਿ ਜੇ ਇਨ੍ਹਾਂ ਨੂੰ ਲਿਪਿਬੱਧ ਨਾ ਕੀਤਾ ਤਾਂ ਕੁਝ ਵੀ ਨਹੀਂ ਬਚੇਗਾ। ਸੋ ਉਨ੍ਹਾਂ ਨੇ ਪਹਿਲੀ ਸਦੀ ਦੇ ਸ਼ੁਰੂ ਵਿੱਚ ਗਿਰਨਾਰ ਪਰਬਤ ਦੀ ਚੰਦਰ ਗਿਰੀ ਗੁਫਾ ਵਿੱਚ ਆਪਣੇ ਚੇਲੇ ਪੁਸ਼ਪ ਦੇਵ ਅਤੇ ਭੂਤਵਲੀ ਨੂੰ ਇਕੱਠਾ ਕਰ ਕੇ ਸਾਹਿਤ ਨੂੰ ਲਿਖਾਇਆ ਜੋ ਕਿ ਮਹਾਬੰਧ ਨਾਉਂ ਦੇ ਵਿਸ਼ਾਲ ਗ੍ਰੰਥ ਦੇ ਰੂਪ ਵਿੱਚ ਸਾਡੇ ਸਾਹਮਣੇ ਹੈ। ਇਸ ਨੂੰ ਮਹਾਬੰਧ ਸਟਖੰਡ ਆਗਮ ਵੀ ਆਖਦੇ ਹਨ। ਇਸ ਤੋਂ ਛੁਟ ਦਿਗੰਬਰ ਫਿਰਕੇ ਵਾਲੇ ਤਤਵਾਰਥ ਸੂਤਰ, ਕਸ਼ਾਏ ਪਾਹੁੜ, ਗੋਮਟਸਾਰ, ਪ੍ਰਵਚਨਸਾਰ, ਨਿਅਮਸਾਰ, ਵਸੁਨੰਦੀ ਮੁਰਾਵਕਾਚਾਰ, ਤਿਲੋਯ ਪ੍ਰਣਤੀ ਆਦਿ ਗ੍ਰੰਥਾਂ ਨੂੰ ਆਗਮਾਂ ਦੀ

ਤਰਾਂ ਮੰਨਦੇ ਹਨ।

ਇਨ੍ਹਾਂ ਗ੍ਰੰਥਾਂ ਤੇ ਅਨੇਕਾਂ ਭਾਸ਼ਾ ਤੇ ਟੀਕਾਵਾਂ ਲਿਖੀਆਂ ਗਈਆਂ ਹਨ। ਤਤਵਾਰਥ ਸੂਤਰ ਦੀ ਪ੍ਰਮੁਖ ਟੀਕਾ ਤਤਵਾਰਥ ਰਾਜਵਾਰਤਿਕ ਹੈ। ਦਿਗੰਬਰ ਫਿਰਕਿਆਂ ਵਾਲਿਆਂ ਨੇ ਪ੍ਰਮਾਣ ਤੇ ਨਯ ਦੇ ਵਿਸ਼ੇ ਤੇ ਬਹੁਤ ਸਾਹਿਤ ਲਿਖਿਆ ਹੈ। ਦਿਗੰਬਰ ਸੰਪਰਦਾਏ ਵਾਲਿਆਂ ਨੇ ਸੰਸਕ੍ਰਿਤ ਤੇ ਅਪਭ੍ਰਸ਼ ਭਾਸ਼ਾ ਵਿੱਚ ਪੁਰਾਨ ਸਾਹਿਤ ਦੀ ਰਚਨਾ ਵੀ ਕੀਤੀ ਹੈ। ਦਿਗੰਬਰ ਸਾਹਿਤਕਾਰ ਵਿੱਚੋਂ ਪ੍ਰਮੁਖ ਅਚਾਰਿਆ ਉਮਾਸਵਾਤੀ, ਅੰਕਲਕ, ਵਿਦਿਆਨੰਦੀ ਕੁਦਕੁੰਦ, ਸਮੰਤਭਦਰ, ਵਸੂਨੰਦੀ ਆਦਿ ਦੇ ਨਾਂ ਬਹੁਤ ਪ੍ਰਸਿਧ ਹਨ।

## ਸ਼ਵੇਤਾਂਬਰ ਪਰੰਪਰਾ

ਸ਼ਵੇਤਾਂਬਰ ਪਰੰਪਰਾ ਅਨੁਸਾਰ ਜੰਬੂ ਸਵਾਮੀ ਤੋਂ ਬਾਅਦ ਕੇਵਲ-ਗਿਆਨ ਦੀ ਪਰੰਪਰਾ ਖਤਮ ਹੋ ਗਈ। ਅਚਾਰਿਆ ਸਥੁਲਭਦਰ ਮਹਾਂਵੀਰ ਸੰਮਤ 170-205 ਤਕ 14 ਪੂਰਵਾਂ ਦੇ ਜਾਨਕਾਰ ਸਨ, ਵਿਜੈ ਸੂਰੀ ਤਕ 10 ਪੂਰਵਾਂ ਦੇ ਜਾਨਕਾਰ ਸਨ। ਆਰੀਆ ਰਕਸ਼ਿਤ (ਮਹਾਂਵੀਰ ਸੰਮਤ 597) $9\frac{1}{2}$ ਪੂਰਵਾਂ ਦੇ ਜਾਨਕਾਰ ਸਨ। ਉਨ੍ਹਾਂ ਦੇ ਸ਼ਿਸ਼ ਪੁਸਯਮਿਤਰ 9 ਪੂਰਵਾਂ ਦੇ ਜਾਨਕਾਰ ਸਨ। 8—7—6 ਪੂਰਵਾਂ ਦੇ ਜਾਨਕਾਰਾਂ ਬਾਰੇ ਕੋਈ ਵਰਨਣ ਪ੍ਰਾਪਤ ਨਹੀਂ ਹੁੰਦਾ।

ਇਸ ਤੋਂ ਬਾਅਦ ਅਚਾਰੰਗ ਸੂਤਰ ਦਾ ਮਹਾਪ੍ਰਗਿਆ ਨਾਮਕ ਅਧਿਐਨ ਨਸ਼ਟ ਹੋ ਗਿਆ। ਪ੍ਰਸ਼ਨ ਵਿਆਕਰਨ ਦਾ ਸਾਰਾ ਵਿਸ਼ਾ ਹੀ ਬਦਲ ਗਿਆ। ਗਿਆਤਾ ਧਰਮ ਕਥਾਂਗ ਸੂਤਰ ਦੀਆਂ ਕਈ ਕਹਾਣੀਆਂ ਨਸ਼ਟ ਹੋ ਗਈਆਂ।

ਇਹ ਵੀ ਮੰਨਿਆ ਜਾਂਦਾ ਹੈ ਕਿ ਦੇਵਾਅਰਧਗਣੀ ਸ਼ਮਾ ਸ਼ਰਮਣ ਵੀ ਪੂਰਵਾਂ ਦਾ ਕੁਝ ਹਿੱਸਾ ਜਾਣਦੇ ਸਨ। ਇਹ ਉਹੀ ਅਚਾਰਿਆ ਸਨ ਜਿਨ੍ਹਾਂ ਦੀ ਅਗਵਾਈ ਹੇਠ ਮਹਾਂਵੀਰ ਦੀ ਦਸਵੀਂ ਸਦੀ ਹੇਠ ਆਗਮ ਸਾਹਿਤ ਲਿਪਿਬੱਧ ਕੀਤਾ ਗਿਆ। ਇਸ ਪ੍ਰਕਾਰ ਭਗਵਾਨ ਮਹਾਂਵੀਰ ਦੇ ਨਿਰਵਾਨ ਤੋਂ 1000 ਸਾਲ ਬਾਅਦ ਕੋਈ ਵੀ ਪੂਰਵਾਂ ਦਾ ਜਾਨਕਾਰ ਨਾ ਰਿਹਾ, ਅਤੇ ਆਗਮ ਸਾਹਿਤ ਦਾ ਕਾਫੀ ਹਿੱਸਾ ਵੀ ਨਸ਼ਟ ਹੋ ਗਿਆ।

ਆਗਮਾਂ ਦੀ ਸੰਖਿਆ ਬਾਰੇ ਅਨੇਕਾਂ ਮੱਤ ਪ੍ਰਚਲਤ ਹਨ। ਪਰ ਅੱਜ ਕਲ ਆਗਮ ਤਿੰਨ ਰੂਪ ਵਿੱਚ ਮਿਲਦੇ ਹਨ।

(1) 84 ਆਗਮ
(2) 45 ਆਗਮ
(3) 32 ਆਗਮ

## 84 ਆਗਮ

**ਉਤਕਾਲਿਕ**—(1) ਦਸ਼ਵੈਕਾਲਿਕ (2) ਕਲਪਿਕਾਕਲਪਿਕ (3) ਸ਼ੁਲ-

ਕਲਪ (4) ਮਹਾਕਲਪ (5) ਔਪਪਾਤਿਕ (6) ਰਾਜਪ੍ਰਸ਼ਨਿਆ (7) ਜੀਭਾਵਿਗਮ (8) ਪ੍ਰਗਿਆਪਨਾ (9) ਮਹਾਪ੍ਰਗਿਆਪਨਾ (10) ਨੰਦੀ (11) ਅਨੁਯੋਗਦਵਾਰ (12) ਅਨੁਯੋਗਦਵਾਰ (13) ਦੇਵੇਂਦਰਸਤਵ (14) ਤੰਦੁਲ ਵਿਚਾਰਕ (15) ਚੰਦਰ ਵੇਦਯਕ (16) ਸੂਰਜ ਪ੍ਰਗਿਆਪਤੀ (17) ਪੋਰਸੀ ਮੰਡਲ (18) ਮੰਡਲ ਪ੍ਰਵੇਸ਼ (19) ਵਿਦਿਆ-ਚਰਨ ਵਿਨਿਸਚੈ (20) ਗਣੀ ਵਿਦਿਆ (21) ਧਿਆਨ ਵਿਭਕਤੀ (22) ਮਰਨ ਵਿਭਕਤੀ (23) ਆਤਮ ਵਿਸ਼ੋਧੀ (24) ਵੀਤਰਾਗ ਸ਼ਰੁਤ (25) ਸੰਲੇਖਨਾ ਸ਼ਰੁਤ (26) ਵਿਹਾਰ ਕਲਪ (27) ਚਰਣਾ ਵਿਧਿ (28) ਆਤੁਰ ਪ੍ਰਤਿਖਿਆਨ (29) ਮਹਾਪ੍ਰਤਿਖਿਆਨ ।

**ਕਾਲਿਕ**—(1) ਉੱਤਰਾਧਿਐਨ (2) ਦਸ਼ਾ ਸ਼ਰੁਤ ਸਕੰਧ (3) ਬ੍ਰਹਮ ਕਲਪ (4) ਵਿਵਹਾਰ (5) ਨਸਿਥ (6) ਮਹਾਨਸਿਥ (7) ਰਿਸ਼ੀ ਭਾਸ਼ੀਤ (8) ਜੰਬੂਦੀਪ (9) ਦੀਪ ਸਾਗਰ ਪ੍ਰਗਿਆਪਤੀ (10) ਚੰਦਰ ਪ੍ਰਗਿਆਪਤੀ (11) ਸ਼ੁਲਿਕਾ ਵਿਮਾਨ ਵਿਭਕਤੀ (12) ਮਹਤੀ ਵਿਮਾਨ ਵਿਭਕਤੀ (13) ਅੰਗ ਚੁਲਿਕਾ (14) ਬੰਗ ਚੁਲਿਕਾ (15) ਵਿਵਾਹ ਚੁਲਿਕਾ (16) ਅਰਣੋਪਪਾਤ (17) ਵਰੁਣੋਪਪਾਤ (18) ਗਰੁੜੋ-ਪਪਾਤ (19) ਧਰਣੋਪਪਾਤ (20) ਵੇਸ਼ਰਸ਼ਣਪਪਾਤ (21) ਵੇਲਧਰੋਪਪਾਤ (22) (23) ਉਥਾਨ ਸ਼ਰੁਤ (24) ਸਮੁਥਾਨ ਸ਼ਰੁਤ (25) ਨਾਗਪਰਿਤਾਪਨਿਕਾ (26) ਕਲਪਿਕਾ (27) ਕਲਪੇਬਤਾਸਿਕਾ (28) ਪੁਸ਼ਪਿਕਾ (29) ਪੁਸ਼ਪਚੁਲਿਕਾ (30) ਬਿਸ਼ਨੀਦਸ਼ਾ ।

**ਅੰਗ**—(1) ਅੰਚਾਰ (2) ਸੂਤਰ ਕ੍ਰਿਤ (3) ਸਥਾਨ (4) ਸਮਵਾਯ (5) ਭਗਵਤੀ (6) ਗਿਆਤਾ ਧਰਮ ਕਥਾ (7) ਉਪਾਸਕਾ ਦਸ਼ਾ (8) ਅੰਤਕ੍ਰਿਤ ਦਸ਼ਾ (9) ਅਨੁਤਰੋਪਾਤਿਕ ਦੁਸ਼ਾ (10) ਪ੍ਰਸ਼ਨਵਿਆਕਰਨ (11) ਵਿਪਾਕ (12) ਦ੍ਰਿਸ਼ਟੀਵਾਦ (29+30+12=71)[1] (72) ਆਵਸ਼ਕ (73) ਅੰਤਕ੍ਰਿਤ ਦਸ਼ਾ (74) ਪ੍ਰਸ਼ਨਵਿਆਕਰਨ (75) ਅਨੁਤਰੋਪਾਤਿਕ ਦਸ਼ਾ (76) ਬੰਧ ਦਸ਼ਾ (77) ਦਿਵੀਗ੍ਰਧਿ ਦਸ਼ਾ (78) ਦੀਰਘ ਦਸ਼ਾ (79) ਸੁਪਨ ਭਾਵਨਾ (80) ਚਾਰਨ ਭਾਵਨਾ (੪1) ਤੇਜੋਨਿਗਰਗ (82) ਆਸੀਵਿਸ਼ ਭਾਵਨਾ (83) ਦਰਿਸ਼ਟੀਵਿਸ਼ ਭਾਵਨਾ (84) 55 ਅਧਿਐਨ ਕਲਿਆਨ ਫਲ ਵਿਪਾਕ ਤੇ 55 ਅਧਿਐਨ ਪਾਪ ਫਲ ਵਿਪਾਕ ।

**ਅੱਜ ਕਲ ਜੋ 45 ਆਗਮ ਮਿਲਦੇ ਹਨ ਉਨ੍ਹਾਂ ਦੇ ਨਾਉਂ ਇਸ ਪ੍ਰਕਾਰ ਹਨ :**

(1) 11 **ਅੰਗ**—(1) ਆਚਾਰੰਗ ਸੂਤਰ (2) ਸੂਤਰਕ੍ਰਿਤਾਂਗ ਸੂਤਰ (3)

---

(1) ਨੰਦੀ ਸੂਤਰ (2) 73 ਤੋਂ 78 ਸੂਤਰਾਂ ਦੇ ਨਾਉਂ ਸਥਾਨੰਗ ਸੂਤਰ (3) 72 ਤੋਂ 83 ਸੂਤਰਾਂ ਦੇ ਨਾਉਂ ਵਿਵਹਾਰ ਸੂਤਰ ਵਿਚ ਹਨ ।

ਸਥਾਨੰਗ ਸੂਤਰ (4) ਸਮਵਿਆਯਾਂਗ ਸੂਤਰ (5) ਭਗਵਤੀ ਜਾਂ ਵਿਆਖਿਆ ਪ੍ਰਾਗਪਤੀ ਸੂਤਰ (6) ਗਿਆਤਾ ਧਰਮ ਕਥਾਂਗ ਸੂਤਰ (7) ਉਪਾਸਕ ਦਸ਼ਾਂਗ ਸੂਤਰ (8) ਅੰਤਕ੍ਰਿ-ਦਸ਼ਾਂਗ ਸੂਤਰ (9) ਉਨਉਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਣ ਸੂਤਰ (11) ਵਿਪਾਕ ਸੂਤਰ।

(2) 12 **ਉਪਾਂਗ**—ਔਪਪਾਤਿਕ ਸੂਤਰ (2) ਰਾਜਪ੍ਰਸ਼ਨੀਯ (3) ਜੀਵਾ-ਭਿਗਮ (4) ਪ੍ਰਗਿਆਪਨਾ (5) ਜੰਬੂਦੀਪ ਪਰਿਗਿਆਪਤੀ (6) ਚੰਦਰ ਪ੍ਰਗਿਆ-ਪਤੀ (7) ਸੁਰਿਆ ਪ੍ਰਗਿਆਪਤੀ (8) ਨਿਰਿਆਬਲਿਆ (9) ਕਲਪਾਵਤਸਿੰਕਾ (10) ਪੁਸ਼ਪਿਕਾ (11) ਪੁਸ਼ਪਚੁਲਾ (12) ਵਰਿਸ਼ਨੀ ਦਸ਼ਾ।

(3) 6 **ਛੇਦ ਸੂਤਰ**—(1) ਨਿਸਿਥ (2) ਮਹਾਨਿਸਿਥ (3) ਵਿਵਿਹਾਰ (4) ਦਸ਼ਾਸਰੁਤ ਸਕੰਧ (5) ਬ੍ਰਹਤਕਲਪ (6) ਪੰਚਕਲਪ।

(4) 6 **ਮੂਲ ਸੂਤਰ**—(1) ਉੱਤਰਾਧਿਐਨ (2) ਆਵੱਸ਼ਕ (3) ਦਸ਼ਵੇ-ਕਾਲਿਕ (4) ਪਿੰਡਨਿਯੁਕਤੀ (5) ਨੰਦੀ (6) ਅਨੁਯੋਗ ਦਵਾਰ।

(5) 10 **ਪਰਿਕਿਰਨਿਕ**—(1) ਚਤੁਸ਼ਰਨ (2) ਆਤੁਰ ਪ੍ਰਤਿਆਖਿਆਨ (3) ਮਹਾਂ ਪ੍ਰਤਿਆਖਿਆਨ (4) ਸੰਸ਼ਤਾਰਕ (5) ਭਕਤ ਪ੍ਰਤਿਖਿਆਨ (6) ਚੰਦਰ ਕਵੈਦਿਯਕ (7) ਦਵੇਂਦਰਸਤਵ (8) ਗਨੀਵਿਦਿਆ (9) ਮਹਾ ਪ੍ਰਤਿਆਖਿਆਨ (10) ਵੀਰਸਤਵ।

ਪਰ ਜੈਨੀਆਂ ਦੇ ਸ਼ਵੇਤਾਂਬਰ ਸਥਾਨਕ ਵਾਸੀ ਤੇ ਤੇਰਾਪੰਥੀ ਫਿਰਕੇ 32 ਆਗਮਾਂ ਨੂੰ ਹੀ ਪ੍ਰਮਾਣਿਕ ਮੰਨਦੇ ਹਨ। ਉਨ੍ਹਾਂ ਦੇ ਨਾਂ ਇਸ ਪ੍ਰਕਾਰ ਹਨ :

11 **ਅੰਗ**—(1) ਅਚਾਰੰਗ (2) ਸੂਤਰਕ੍ਰਿਤਾਂਗ (3) ਸਥਾਨੰਗ (4) ਸਮਵਾਯਾਂਗ (5) ਭਗਵਤੀ (6) ਗਿਆਤਾ ਧਰਮ ਕਥਾਂਗ (7) ਉਪਾਸਕ ਦਸ਼ਾਂਗ (8) ਅੰਤਕ੍ਰਿਤਾਂਗ (9) ਅਨੁਤਰੋਪਾਤਿਕ ਸੂਤਰ (10) ਪ੍ਰਸ਼ਨ ਵਿਆਕਰਨ (11) ਵਿਪਾਕ

12 **ਉਪਾਂਗ**—(1) ਔਪਪਾਤਿਕ (2) ਰਾਜਪ੍ਰਸ਼ੀਨੀਆ (3) ਜੀਵਾਭਿਗਮ (4) ਪ੍ਰਗਿਆਪਨਾ (5) ਸੂਰਜ ਪ੍ਰਗਿਆਪਤੀ (6) ਜੰਬੂਦੀਪ ਪ੍ਰਗਿਆਪਤੀ (7) ਚੰਦਰ ਪ੍ਰਗਿਆਪਤੀ (8) ਨਿਰਯਾਂਵਾਲਿਕ (9) ਕਲਪਾਵੰਤਸੀਕ (10) ਪੁਸ਼ਪਿਕ (11) ਪੁਸ਼ਪਚਲਿਕਾ (12) ਵਰਿਸ਼ਨੀ ਦਸ਼ਾਂਗ।

(4) **ਮੂਲ ਸੂਤਰ**—(1) ਦਸ਼ਵੈਕਾਲਿਕ (2) ਉੱਤਰਾਧਿਐਨ (3) ਨੰਦੀ (4) ਅਨੁਯੋਗਦਵਾਰ।

(5) **ਛੇਦ ਸੂਤਰ**—(1) ਨਸ਼ਿਥ (2) ਵਿਵਹਾਰ (3) ਬ੍ਰਹਤ ਕਲਪ (4) ਦਸ਼ਾਸ਼ਰੁਤ ਸਕੰਧ (5) ਆਵੱਸ਼ਕ।

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

ਹਰ ਧਰਮ, ਅਪਣੇ ਉਪਾਸਕਾਂ ਲਈ ਇਕ ਖਾਸ ਪੂਜਾ ਅਤੇ ਉਪਾਸਨਾ ਦਾ ਢੰਗ ਪੇਸ਼ ਕਰਦਾ ਹੈ, ਇਸੇ ਉਪਾਸਨਾ ਵਿਧੀ ਰਾਹੀਂ ਹਰ ਧਰਮ ਦੇ ਉਪਾਸਕ ਦੀ ਅਲੱਗ ਪਰਖ ਹੁੰਦੀ ਹੈ। ਹੋਰਨਾਂ ਧਰਮਾਂ ਵਾਂਗ ਜੈਨ ਧਰਮ ਵਿਚ ਵੀ ਉਸ ਦੇ ਮੰਨਣ ਲਈ ਉਪਾਸਨਾ-ਵਿਧੀ ਹੈ। ਜੈਨ ਧਰਮ ਦੋ ਰੂਪਾਂ ਵਿੱਚ ਗ੍ਰਹਿਣ ਕੀਤਾ ਜਾ ਸਕਦਾ ਹੈ (1) ਸਾਧੂ ਰੂਪ ਵਿਚ (2) ਗ੍ਰਹਿਸਥ (ਉਪਾਸਕ) ਰੂਪ ਵਿੱਚ। ਭਾਵੇਂ ਦੋਵੇਂ ਉਪਾਸਨਾ ਵਿਧੀਆਂ ਦਾ ਇਕ ਹੀ ਉਦੇਸ਼ ਹੈ, ਪਰ ਅਪਨਾਉਣ ਦਾ ਢੰਗ ਕੁਝ ਵੱਖਰਾ ਹੈ। ਸਾਧੂ ਲਈ ਪੰਜ ਮਹਾਵਰਤ, ਤਿੰਨ ਗੁਪਤੀਆਂ, ਪੰਜ ਸਮਿਤੀਆਂ ਆਦਿ ਦਾ ਪਾਲਣ ਕਠੋਰਤਾ ਨਾਲ ਕਰਨਾ ਪੈਂਦਾ ਹੈ। ਪਰ ਗ੍ਰਹਿਸਥ ਦੇ ਰੂਪ ਵਿੱਚ ਇਹੋ ਨੇਮ ਕੁੱਝ ਛੋਟਾਂ ਨਾਲ ਗ੍ਰਹਿਣ ਕੀਤੇ ਜਾਂਦੇ ਹਨ ਜਿਸ ਨਾਲ ਗ੍ਰਹਿਸਥ ਅਪਣੇ ਸੰਸਾਰ ਦੇ ਕਰਤੱਵ ਨੂੰ ਆਸਾਨੀ ਨਾਲ ਕਰਦਾ ਰਹਿੰਦਾ ਹੈ ਅਤੇ ਧਾਰਮਿਕ ਨਿਯਮਾਂ ਦਾ ਪਾਲਨ ਕਰਦਾ ਰਹਿੰਦਾ ਹੈ। ਗ੍ਰਹਿਸਥ ਦਾ ਮਾਰਗ ਲੰਬਾ ਪਰ ਸੁਖਾਲਾ ਹੈ। ਸਾਧੂ ਜੀਵਨ ਦਾ ਰਾਹ ਕਠੋਰ ਹੈ ਪਰ ਲੰਬਾ ਨਹੀਂ। ਪਰ ਦੋਹਾਂ ਦੇ ਜੀਵਨ ਦਾ ਉੱਦੇਸ਼ ਇਕ ਹੈ, ਆਤਮਾ ਤੋਂ ਪਰਮਾਤਮ-ਪੱਦ ਦੀ ਪ੍ਰਾਪਤੀ। ਦੋਹਾਂ ਲਈ ਇਹ ਜ਼ਰੂਰੀ ਹੈ ਕਿ ਪਹਿਲਾਂ ਉਹ ਸਮਿਅਕਤਵ ਨੂੰ ਅਪਨਾਉਣ। ਸਮਿਅਕਤਵ ਦੇ ਤਿੰਨ ਹਿੱਸੇ ਹਨ, ਇਨ੍ਹਾਂ ਤਿੰਨ ਹਿੱਸਿਆਂ ਨੂੰ ਅਚਾਰਿਆ ਉਮਾਸਵਾਤੀ ਨੇ ਮੁਕਤੀ ਦਾ ਰਾਹ ਦਸਿਆ ਹੈ। **सम्यग्दर्शनज्ञानचारित्राणि मोक्षमार्गम्** (ਤਵਵਾਰਥ ਸੂਤਰ 1-1) ਅਰਥਾਤ ਸਹੀ ਵੇਖਨਾ(ਦਰਸ਼ਨ)ਸਹੀ ਜਾਨਣਾ (ਗਿਆਨ) ਸਹੀ ਅਮਲ ਕਰਨਾ (ਚਾਰਿਤਰ) ਤਿੰਨਾਂ ਦੇ ਮੇਲ ਦਾ ਨਾਂ ਸਮਿਅਕਤਵ ਹੈ। ਇਹ ਜੈਨ ਧਰਮ ਦਾ ਪਹਿਲਾ ਅਤੇ ਅੰਤਮ ਅਸੂਲ ਹੈ। ਇਸ ਬਿਨਾਂ ਕਿਸੇ ਵਰਤ ਦੀ ਪਾਲਣਾ ਸਾਧੂ ਜਾਂ ਗ੍ਰਹਿਸਥ ਨਹੀਂ ਕਰ ਸਕਦਾ।

ਸ਼੍ਰੀ ਉਪਾਸਕ ਦਸ਼ਾਂਗ ਦਾ ਵਿਸ਼ਾ ਜੈਨ ਗ੍ਰਹਿਸਤ ਦੇ 5 ਅਨੁਵਰਤਾਂ, ਤਿੰਨ ਦਿਸ਼ਾ ਵਰਤਾਂ ਚਾਰ ਸਿੱਖਿਆ ਵਰਤਾਂ ਸਬੰਧੀ ਹੈ। ਇਸ ਸੂਤਰ ਦੇ ਦਸ ਅਧਿਐਨ ਹਨ। ਹਰ ਅਧਿਐਨ ਇਤਿਹਾਸਕ, ਸਮਾਜਿਕ, ਦਾਰਸ਼ਨਿਕ ਪਖੋਂ ਆਪਣਾ ਮਹੱਤਵ ਆਪ ਰਖਦਾ ਹੈ[2]। ਪਰ ਪਹਿਲਾ ਅਧਿਐਨ ਬਹੁਤ ਮਹੱਤਵ ਪੂਰਨ ਹੈ। ਕਿਉਂਕਿ ਇਸ ਵਿੱਚ 12 ਵਰਤਾਂ ਦੀ ਵਿਆਖਿਆ ਅਤੇ ਦੋਸ਼ ਅਤਿਚਾਰ ਆਏ ਹਨ।

---

1. ਵੇਖੋ ਭੂਮਿਕਾ ਸ਼੍ਰੀ ਅਗਰ ਚੰਦ ਨਾਹਟਾ
2. ਉਪਾਸਕ ਦਸ਼ਾਂਗ ਇਕ ਸਮਿਖਿਆਤਕ ਅਧਿਐਨ

## ਪੰਜਾਬੀ ਅਨੁਵਾਦ

ਭਾਵੇਂ ਸ੍ਰੀ ਅਗਰ ਚੰਦ ਨਾਹਟਾ ਨੇ ਅਪਣੀ ਭੂਮਿਕਾ ਵਿੱਚ ਕਈ ਅਨੁਵਾਦਾਂ ਦਾ ਜ਼ਿਕਰ ਕੀਤਾ ਹੈ। ਜੋ ਗੁਜਰਾਤੀ, ਅੰਗਰੇਜੀ, ਹਿੰਦੀ ਵਿੱਚ ਹਨ। ਪੁਰਾਤਨ ਸਮੇਂ ਤੋਂ ਇਸ ਸ਼ਾਸਤਰ ਉੱਪਰ ਟੀਕਾ ਅਤੇ ਟੱਬਾ ਮਿਲਦੇ ਹਨ। ਮੇਰੇ ਧਰਮ ਭਰਾ ਸ੍ਰੀ ਰਵਿੰਦਰ ਕੁਮਾਰ ਜੈਨ ਨੇ ਇਸ ਅਨੁਵਾਦ ਲਈ ਅਚਾਰਿਆ ਅਭੈ ਦੇਵ ਸੂਰੀ ਦੀ ਟੀਕਾ ਤੇ ਅਨੁਵਾਦ ਅਚਾਰਿਆ ਸ੍ਰੀ ਆਤਮਾ ਰਾਮ ਜੀ ਦਾ ਅਨੁਵਾਦ ਪੂਜ ਸ੍ਰੀ ਅਮੋਲਕ ਰਿਸ਼ੀ ਦਾ ਹਿੰਦੀ ਅਨੁਵਾਦ ਪੂਜ ਅਚਾਰਿਆ ਸ੍ਰੀ ਘਾਸੀ ਲਾਲ ਜੀ ਮਹਾਰਾਜ ਤੇ ਡਾ: ਹਾਰਨਲੇ ਦਾ ਅੰਗਰੇਜੀ ਅਨੁਵਾਦ ਦੀ ਭਰਪੂਰ ਸਹਾਇਤਾ ਲਈ ਗਈ ਹੈ। ਇਸ ਤੋਂ ਛੁੱਟ ਮੈਂ ਅਤੇ ਅਨੁਵਾਦਕ ਅਚਾਰਿਆ ਸ੍ਰੀ ਆਨੰਦ ਰਿਸ਼ੀ ਜੀ ਮਹਾਰਾਜ, ਉਪਾਧਿਆ ਅਮਰ ਮੁਨੀ ਜੀ, ਉਪਾਧਿਆ ਸ੍ਰੀ ਫੂਲ ਚੰਦ ਜੀ ਮਹਾਰਾਜ, ਅਚਾਰਿਆ ਸ੍ਰੀ ਤੁਲਸੀ ਜੀ, ਅਚਾਰਿਆ ਸ੍ਰੀ ਵਿਜੇਂਦਰ ਦਿੰਨ ਸੂਰੀ ਜੀ, ਭੰਡਾਰੀ ਸ੍ਰੀ ਪਦਮ ਚੰਦ ਜੀ ਮਹਾਰਾਜ, ਸਾਧਵੀ ਸ੍ਰੀ ਸਵਰਨ ਕਾਂਤਾ ਜੀ ਮਹਾਰਾਜ ਦੇ ਬਹੁਤ ਧੰਨਵਾਦੀ ਹਾਂ ਜਿਨ੍ਹਾਂ ਦੇ ਕੀਮਤੀ ਸੁਝਾਵਾਂ ਸਦਕਾ ਮੈਨੂੰ ਸੰਪਾਦਨ ਕਰਨ ਵਿੱਚ ਸਹਾਇਤਾ ਮਿਲੀ। ਸ੍ਰੀ ਰਵਿੰਦਰ ਕੁਮਾਰ ਜੈਨ ਨੇ ਇਸ ਤੋਂ ਛੁੱਟ ਦਿਗੰਬਰ ਸ਼ਰਾਵਕਾਚਾਰ ਦੇ ਗ੍ਰੰਥਾਂ ਦੀ ਮਦਦ ਲਈ ਹੈ। ਮੈਂ ਸੰਪਾਦਕ ਹੋਣ ਦੇ ਨਾਤੇ ਸਹਾਇਕ ਗ੍ਰੰਥਾਂ ਦੇ ਲੇਖਕਾਂ ਤੇ ਪ੍ਰਕਾਸ਼ਕਾਂ ਦਾ ਧੰਨਵਾਦੀ ਹਾਂ।

## ਕੁਝ ਅਨੁਵਾਦ ਅਤੇ ਅਨੁਵਾਦਕ ਬਾਰੇ

ਇਸ ਸ਼ਾਸਤਰ ਦਾ ਅਨੁਵਾਦ ਮੇਰੇ ਪਿਆਰੇ ਧਰਮ ਭਰਾ ਸ੍ਰੀ ਰਵਿੰਦਰ ਕੁਮਾਰ ਜੈਨ ਨੇ ਕੀਤਾ ਹੈ। ਇਸ ਤੋਂ ਪਹਿਲਾਂ ਉਹ ਸ੍ਰੀ ਉਤਰਾਧਿਐਨ ਸੂਤਰ ਦਾ ਅਰਥ ਅਤੇ ਵਿਆਖਿਆ ਪੰਜਾਬੀ ਵਿੱਚ ਕਰ ਚੁੱਕੇ ਹਨ। ਇਨਾਂ ਨੇ ਛੇ ਸ਼ਾਸਤਰਾਂ ਦਾ ਪੰਜਾਬੀ ਅਨੁਵਾਦ ਕੀਤਾ ਹੈ। ਮੈਨੂੰ ਆਸ ਹੈ ਕਿ ਪਾਠਕ ਸ੍ਰੀ ਉਤਰਾਧਿਐਨ ਸੂਤਰ ਦੇ ਪੰਜਾਬੀ ਅਨੁਵਾਦ ਦੀ ਤਰਾਂ ਇਸ ਗ੍ਰੰਥ ਦਾ ਵੀ ਭਰਪੂਰ ਸਵਾਗਤ ਕਰਨਗੇ।

ਅਨੁਵਾਦਕ ਦਾ ਕੰਮ ਉਂਝ ਵੀ ਕਾਫੀ ਔਖਾ ਹੁੰਦਾ ਹੈ। ਪਰ ਜਦੋਂ ਕਿਸੇ ਅਜੇਹੀ ਭਾਸ਼ਾ ਤੋਂ ਅਨੁਵਾਦ ਕਰਨਾ ਹੋਵੇ, ਜੋ ਕਿ ਘਟ ਪ੍ਰਚਲਿਤ ਹੋਵੇ ਤਾਂ ਇਹ ਕੰਮ ਹੋਰ ਵੀ ਔਖਾ ਹੋ ਜਾਂਦਾ ਹੈ। ਜੈਨ ਗਰੰਥਾਂ ਦੀ ਭਾਸ਼ਾ ਅਰਧ-ਮਾਗਧੀ ਪ੍ਰਾਕ੍ਰਿਤ ਹੈ। ਇਨ੍ਹਾਂ ਗਰੰਥਾਂ ਦਾ ਪੰਜਾਬੀ ਅਨੁਵਾਦ ਕਰਨ ਲਗਿਆਂ, ਕਈ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ,ਪੰਜਾਬੀ ਵਿੱਚ ਢੁਕਵੇਂ ਸ਼ਬਦ-ਕੋਸ਼ ਦੀ ਬਹੁਤ ਘਾਟ ਹੈ। ਕਈ ਸਿਧਾਂਤਿਕ ਸ਼ਬਦਾਂ

ਦਾ ਜਾਂ ਤਾਂ ਪੰਜਾਬੀ ਵਿਚ ਬਦਲ ਹੀ ਨਹੀਂ ਜੇ ਹੈ ਤਾਂ ਉਹ ਅਰਥ ਇੰਨਾ ਪ੍ਰਚਲਿਤ ਨਹੀਂ। ਇਨ੍ਹਾਂ ਸਾਰੀਆਂ ਤਕਲੀਫਾਂ ਨੂੰ ਝੇਲਦੇ ਹੋਏ, ਮੇਰੇ ਧਰਮ ਭਰਾ (ਅਨੁਵਾਦਕ) ਦੀ ਪੂਰੀ ਕੋਸ਼ਿਸ਼ ਰਹੀ ਹੈ ਕਿ ਅਰਥ, ਮੂਲ, ਪ੍ਰਾਕ੍ਰਿਤ ਪਾਠ ਨਾਲ ਮੇਲ ਖਾਵੇ।

ਅਰਥ ਕਰਨ ਲੱਗਿਆਂ ਕੁਝ ਗਲਤੀਆਂ ਪ੍ਰੈਸ ਤੋਂ ਅਤੇ ਕੁਝ ਗਲਤੀਆਂ ਸਾਡੇ ਤੋਂ ਹੋਣੀਆਂ ਸੁਭਾਵਿਕ ਹਨ, ਮੈਨੂੰ ਆਸ ਹੈ ਕਿ ਪਾਠਕ ਸਾਡੀ ਮਜਬੂਰੀ ਸਮਝਣਗੇ।

ਜਿਵੇਂ ਉਪਰ ਦੱਸਿਆ ਜਾ ਚੁੱਕਾ ਹੈ ਕਿ ਇਸ ਗ੍ਰੰਥ ਦਾ ਅਨੁਵਾਦ ਮੇਰੇ ਧਰਮ ਭਰਾ ਸ਼੍ਰੀ ਰਵਿੰਦਰ ਕੁਮਾਰ ਜੈਨ ਨੇ ਕੀਤਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਭਾਰਤੀ ਧਰਮ, ਦਰਸ਼ਨ, ਸੰਸਕ੍ਰਿਤ ਅਤੇ ਕਲਾ ਬਾਰੇ ਡੂੰਘੀ ਜਾਣਕਾਰੀ ਅਤੇ ਰੁੱਚੀ ਰਖਦਾ ਹੈ। ਬੜੀ ਛੋਟੀ ਉਮਰ ਤੋਂ ਇਸ ਨੇ ਜੈਨ ਸਮਾਜ ਦੇ ਬੜੇ ਬੜੇ ਕੰਮ ਕੀਤੇ ਹਨ। ਉਨ੍ਹਾਂ ਵਿਚੋਂ ਪ੍ਰਮੁਖ ਮਹਾਂਵੀਰ ਨਿਰਵਾਨ ਸ਼ਤਾਬਦੀ ਕਮੇਟੀ, ਅਚਾਰਿਆ ਸ਼੍ਰੀ ਆਤਮਾ ਰਾਮ ਜੈਨ ਭਾਸ਼ਨ ਮਾਲਾ ਅਤੇ ਭਗਵਾਨ ਮਹਾਂਵੀਰ ਚੇਅਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਥਾਪਨਾ ਹੈ। ਸੰਸਥਾ ਦੀ ਸਥਾਪਨਾ ਕਰਨਾ ਇੰਨਾਂ ਔਖਾ ਕੰਮ ਨਹੀਂ, ਜਿੰਨਾਂ ਇਸ ਨੂੰ ਚਲਾਉਣਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਦੀ ਲਗਨ, ਮੇਹਨਤ ਅਤੇ ਜੈਨ ਧਰਮ ਪ੍ਰਤਿ ਸਮਰਪਣ ਸਦਕਾ ਇਹ ਸੰਸਥਾਵਾਂ ਕੰਮ ਕਰ ਰਹੀਆਂ ਹਨ। ਸ਼੍ਰੀ ਰਵਿੰਦਰ ਕੁਮਾਰ ਜੈਨ ਭੌਤਿਕਵਾਦ ਤੋਂ ਪਰੇ ਹੈ। ਆਗਮਾਂ ਦਾ ਸਵਾਧਿਅਇ (ਪਾਠ) ਜੈਨ ਏਕਤਾ ਅਤੇ ਭਗਵਾਨ ਮਹਾਂਵੀਰ ਦੇ ਉਪਦੇਸ਼ਾਂ ਦਾ ਦੇਸ਼-ਵਿਦੇਸ਼ ਵਿੱਚ ਪ੍ਰਚਾਰ ਕਰਨਾ, ਇਸ ਦੇ ਜੀਵਨ ਦਾ ਪ੍ਰਮੁਖ ਉੱਦੇਸ਼ ਹੈ। ਮੇਰੀ ਜੋ ਅੱਜ ਜੈਨ ਧਰਮ ਅਤੇ ਅਰਿਹੰਤਾਂ ਪ੍ਰਤਿ ਸ਼ਰਧਾ ਹੈ ਉਸ ਦਾ ਪ੍ਰਮੁਖ ਕਾਰਣ ਅਤੇ ਪ੍ਰੇਰਣਾ ਮੇਰਾ ਧਰਮ ਭਰਾ ਹੀ ਹੈ। ਜੈਨ ਸਮਾਜ ਵੀ ਸ਼੍ਰੀ ਰਵਿੰਦਰ ਕੁਮਾਰ ਜੈਨ ਰਾਹੀਂ ਕੀਤੇ ਕੰਮਾਂ ਦੀ ਪੂਰੀ ਕਦਰ ਕਰਦਾ ਹੈ ਅਤੇ ਸਮੇਂ ੨ ਸਹਿਯੋਗ ਵੀ ਦਿੰਦਾ ਹੈ। ਮੈਂ ਰਵਿੰਦਰ ਕੁਮਾਰ ਜੈਨ ਦਾ ਇਸ ਗੱਲੋਂ ਖਾਸ ਧੰਨਵਾਦੀ ਹਾਂ ਕਿ ਮੈਨੂੰ ਉਸ 6 ਸ਼ਾਸਤਰਾਂ ਦੇ ਸੰਪਾਦਨ ਦਾ ਮੌਕਾ ਦੇ ਕੇ ਮੇਰੇ ਸ਼ਾਸਤਰਾਂ ਦੇ ਗਿਆਨ ਵਿੱਚ ਵਾਧਾ ਕੀਤਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਦੀ ਸ਼ਾਸਤਰਾਂ ਦੀ ਜਾਣਕਾਰੀ ਦਾ ਅੰਦਾਜਾ ਸ਼੍ਰੀ ਉੱਤਰਾਧਿਐਨ ਸੂਤਰ ਦੀ ਵਿਸ਼ਾਲ ਪੰਜਾਬੀ ਟੀਕਾ ਤੋਂ ਲਗਾਇਆ ਜਾ ਸਕਦਾ ਹੈ। ਸ਼੍ਰੀ ਰਵਿੰਦਰ ਕੁਮਾਰ ਜੈਨ ਅਰਧ-ਮਾਗਧੀ ਤੋਂ ਪੰਜਾਬੀ ਵਿਚ ਅਨੁਵਾਦ ਕਰਨ ਵਾਲਾ ਸੰਸਾਰ ਦਾ ਪਹਿਲਾ ਅਨੁਵਾਦਕ ਹੈ। ਮੈਨੂੰ ਆਸ ਹੈ ਕਿ ਅੱਗੇ ਨੂੰ ਵੀ ਉਹ ਸਮਾਜ ਉਪਯੋਗੀ ਸਾਹਿਤ ਲਿਖਦਾ ਰਹੇਗਾ। ਮੈਂ ਭੂਮਿਕਾ ਲੇਖਕ ਸ਼੍ਰੀ ਅਗਰ ਚੰਦ ਨਾਹਟਾ ਦਾ ਬਹੁਤ ਬਹਤ ਧੰਨਵਾਦੀ ਹਾਂ, ਜਿਨ੍ਹਾਂ ਇਸ ਬੁਢਾਪੇ ਵਿਚ ਸਾਡੀ ਬੇਨਤੀ ਸਵੀਕਾਰ ਕੀਤੀ।

## ਪ੍ਰੇਰਕ

ਇਸ ਸ਼ਾਸਤਰ ਦੇ ਅਨੁਵਾਦ ਦੀ ਪ੍ਰੇਰਣਾ ਕਰਨ ਵਾਲੀ ਸਾਧਵੀ ਸ਼੍ਰੀ ਸਵਰਨ ਕਾਂਤਾ ਜੀ ਮਹਾਰਾਜ ਹਨ। ਆਪ ਜੈਨ ਸਮਾਜ ਦੇ ਮਹਾਨ ਰਤਨ ਹਨ। ਆਪ ਸੰਸਕ੍ਰਿਤ, ਪ੍ਰਾਕ੍ਰਿਤ, ਅੰਗਰੇਜ਼ੀ, ਪੰਜਾਬੀ, ਗੁਜਰਾਤੀ, ਹਿੰਦੀ ਭਾਸ਼ਾਵਾਂ ਦੇ ਚੰਗੇ ਲੇਖਕ ਹਨ। ਲਾਹੌਰ ਦੇ ਇਕ ਭਰਪੂਰ ਘਰ ਦੇ ਸੰਸਾਰਿਕ ਸੁੱਖਾਂ ਨੂੰ ਛੱਡ ਕੇ ਅੱਜ ਤੋਂ 35 ਸਾਲ ਪਹਿਲਾਂ ਜੈਨ ਸਾਧਵੀ ਬਣੇ। ਤੱਦ ਤੋਂ ਜੈਨ ਧਰਮ ਦੇ ਪ੍ਰਚਾਰ ਲਈ ਜੁੱਟੇ ਹੋਏ ਹਨ। ਆਪ ਦੀਆਂ ਕਈ ਪੁਸਤਕਾਂ ਪ੍ਰਕਾਸ਼ਿਤ ਹੋ ਚੁਕੀਆਂ ਹਨ। ਆਪ ਜੀ ਦੀ ਸੰਸਾਰਿਕ ਮਾਤਾ ਜਿਨ੍ਹਾਂ ਇਨੀ ਮਹਾਨ ਆਤਮਾ ਨੂੰ ਜਨਮ ਦਿੱਤਾ। ਉਨ੍ਹਾਂ ਹੀ ਇਸ ਸ਼ਾਸਤਰ ਦਾ ਸਾਰਾ ਖਰਚਾ ਦੇ ਕੇ ਮਹਾਨ ਪੁੰਨ ਦਾ ਕੰਮ ਕੀਤਾ ਹੈ। ਆਸ ਹੈ ਇਹ ਸੰਸਕਰਣ ਵਿਦਵਾਨਾਂ ਅਤੇ ਵਿਦਿਆਰਥੀਆਂ ਨੂੰ ਪਸੰਦ ਆਵੇਗਾ।

ਰਾਮਪੁਰੀਆਂ ਸਟ੍ਰੀਟ, ਮਾਲੇਰਕੋਟਲਾ ਪੁਰਸ਼ੋਤਮ ਦਾਸ ਜੈਨ



**ਸ਼੍ਰਮਣ ਸੰਘ ਦੇ ਦੂਸਰੇ ਪੱਟਧਰ**
**ਜੈਨ-ਧਰਮ-ਦਿਵਾਕਰ**
**ਅਚਾਰਿਆ ਸਮਰਾਟ ਪੂਜਯ**
**ਸ੍ਰੀ ੧੦੦੮ ਸ੍ਰੀ ਆਨੰਦ**
**ਰਿਸ਼ੀ ਜੀ ਮਹਾਰਾਜ ਦਾ**

# ਸ਼ੁਭ ਸੰਦੇਸ਼

ਭਾਰਤ ਇਕ ਧਰਮ ਪ੍ਰਧਾਨ ਦੇਸ਼ ਹੈ ਇਸ ਵਿੱਚ ਅਨੇਕਾਂ ਸੂਬੇ ਹਨ। ਹਰ ਸੂਬੇ ਦੀ ਭਾਸ਼ਾ ਵੀ ਵੱਖਰੀ ਹੈ। ਅੱਜ ਤਕ ਸਰਕਾਰ ਨੇ 14 ਭਾਸ਼ਾਵਾਂ ਨੂੰ ਮਾਨਤਾ ਦਿਤੀ ਹੈ। ਉਨ੍ਹਾਂ ਭਾਸ਼ਾਵਾਂ ਵਿਚੋਂ ਪੰਜਾਬੀ ਦਾ ਵੀ ਮਹੱਤਵ ਪੂਰਨ ਸਥਾਨ ਹੈ। ਇਸ ਭਾਸ਼ਾ ਦੀ ਲਿਪੀ ਗੁਰਮੁੱਖੀ ਹੈ ਫੇਰ ਵੀ ਲੱਖਾਂ ਦੀ ਗਿਣਤੀ ਵਿੱਚ ਇਸ ਭਾਸ਼ਾ ਦੇ ਪ੍ਰੇਮੀ ਹਨ। ਸੰਸਾਰ ਦਾ ਬੇੜਾ ਪਾਰ ਕਰਨ ਵਾਲੇ, ਨਿਮਾਨੇ ਦੇ ਮਾਨ ਪ੍ਰਭੂ ਮਹਾਂਵੀਰ ਨੇ ਮਨੁੱਖ ਮਾਤਰ ਦੀ ਭਲਾਈ ਲਈ ਲੋਕ-ਭਾਸ਼ਾ ਵਿੱਚ ਉਪਦੇਸ਼ ਦਿੱਤਾ ਸੀ। ਸਰਲ ਤੇ ਗ੍ਰਹਿਣ ਕਰਨ ਯੋਗ ਅਤੇ ਮਿੱਠੀ ਸ਼ੈਲੀ ਵਿੱਚ ਉਨ੍ਹਾਂ ਨੇ ਅਪਣਾ ਵਿਵਹਾਰਿਕ ਨੈਤਿਕ ਅਤੇ ਅਧਿਆਤਮਕ ਉਪਦੇਸ਼ ਦਿਤਾ, ਸੀ। ਅੱਜ ਉਹ ਭਾਸ਼ਾ ਪ੍ਰਾਚੀਨ ਹੋ ਗਈ ਹੈ ਉਸੇ ਭਾਸ਼ਾ ਨੂੰ ਅਰਧਮਾਗਧੀ ਦੇ ਨਾਉਂ ਨਾਲ ਸੱਦਿਆ ਜਾਂਦਾ ਹੈ। ਉਸ ਸ਼ਾਸਤਰ ਉਪਦੇਸ਼ ਨੂੰ ਜਾਨਣ ਵਾਲਾ ਸਮਾਜ ਸੀਮਤ ਹੈ। ਇਸੇ ਲਈ ਇਸ ਕਲਿਆਣਕਾਰੀ ਉਪਦੇਸ਼ ਨੂੰ ਹਰ ਮਨੁੱਖ ਤਕ ਪਹੁੰਚਾਨ ਲਈ ਇਸ ਦਾ ਸਾਰੀਆਂ ਭਾਸ਼ਾਵਾਂ ਵਿੱਚ ਅਨੁਵਾਦ ਬਹੁਤ ਜ਼ਰੂਰੀ ਹੈ। ਉਸ ਦਾ ਇਕ ਹਿੱਸਾ ਤੁਸੀਂ ਸੰਭਾਲ ਰਹੇ ਹੋ। ਬੜੀ ਖੁਸ਼ੀ ਦੀ ਗੱਲ ਹੈ।

ਉਪਾਸਕ-ਦਸ਼ਾਂਗ ਸੂਤਰ ਅੰਗ ਸੂਤਰ ਹੈ ਉਸ ਵਿਚ 10 ਸ਼੍ਰਾਵਕਾਂ ਦਾ ਜੀਵਨ

ਹੈ। ਗ੍ਰਿਹਸਥੀ ਨੂੰ ਕਿਵੇਂ ਰਹਿਣਾ ਚਾਹੀਦਾ ਹੈ ? ਕੀ ਕਰਨਾ ਚਾਹੀਦਾ ਹੈ ? ਸੰਸਾਰ ਵਿਚ ਇਸ ਜੀਵਨ ਨੂੰ ਕਿਵੇਂ ਉਜਵਲ ਬਨਾਵੇ ? ਕਿਵੇਂ ਕਰਮਾਂ ਦੀ ਨਿਰਜਰਾ (ਕਰਮਾਂ ਦਾ ਝੜਨਾ) ਕਰਕੇ ਅਪਣੇ ਜਨਮ-ਮਰਨ ਦੇ ਚੱਕਰ ਨੂੰ ਘਟਾਉਣਾ, ਤਿਆਗ, ਤਪ ਰਾਹੀਂ ਆਤਮ ਕਲਿਆਨ ਕਰਨਾ ਅਤੇ ਵਰਤ, ਨਿਯਮਾਂ ਰਾਹੀਂ ਮਰਿਯਾਦਾ ਵਿੱਚ ਰਹਿ ਕੇ ਜੀਵਨ ਸਫਲ ਬਨਾਉਣਾ, ਇਨ੍ਹਾਂ ਵਿਸ਼ਿਆਂ ਦਾ ਖਾਸ ਵਰਨਣ ਹੈ। 'ਪਰਿਸ਼ੈ' ਸੰਕਟ ਆਉਣ ਤੇ ਧਰਮ ਤੇ ਦਰਿੜ ਰਹਿਣ ਦੀ ਸਿਖਿਆ ਵੀ ਸਾਨੂੰ ਇਨ੍ਹਾਂ ਸ਼ਰਾਵਕਾਂ ਦੇ ਜੀਵਨ ਤੋਂ ਮਿਲਦੀ ਹੈ। ਇਸ ਲਈ ਇਹ ਸੂਤਰ ਸ਼੍ਰਾਵਕਾਂ ਦੇ ਲਈ ਬੜਾ ਜਰੂਰੀ ਹੈ।

ਇਸ ਅਨੁਵਾਦ ਰਾਹੀਂ ਪੰਜਾਬ ਪ੍ਰਦੇਸ਼ ਦੇ ਲੋਕਾਂ ਨੂੰ ਕਾਫੀ ਲਾਭ ਹੋਵੇਗਾ। ਲੋਕ ਭਗਵਾਨ ਮਹਾਂਵੀਰ ਦੀ ਬਾਣੀ ਤੋਂ ਜਾਣੂ ਹੋਣਗੇ। ਤਿਆਗ ਤੱਪ ਵਲ ਅੱਗੇ ਵਧਣਗੇ। ਆਪ ਜੀ ਦੀ ਭਾਵਨਾ ਸਫਲ ਹੋਵੇ ਅਤੇ ਹੋਲੀ ੨ ਸਾਰੇ ਆਗਮਾਂ ਦਾ ਪੰਜਾਬੀ ਅਨੁਵਾਦ ਹੁੰਦਾ ਰਹੇ। ਇਹੋ ਮੇਰੀ ਸ਼ੁਭ ਕਾਮਨਾ ਹੈ।

ਅਚਾਰਿਆ ਆਨੰਦ ਰਿਸ਼ੀ

अर्हं



• ੧ •

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

ਭਗਵਾਨ ਮਹਾਵੀਰ ਦੇ ਪ੍ਰਮੁਖ ਚੇਲੇ ਸੁਧਰਮਾ ਸਵਾਮੀ ਇਕ ਵਾਰ ਚੰਪਾ ਨਗਰੀ ਪਧਾਰੇ । ਉਨ੍ਹਾਂ ਦੇ ਚੇਲੇ ਜੰਬੂ ਸਵਾਮੀ ਨੇ ਅਪਣੇ ਗੁਰੂ ਸੁਧਰਮਾ ਸਵਾਮੀ ਪਾਸੋਂ, ਸ਼੍ਰੀ ਉਪਾਸ਼ਕ ਦਸ਼ਾਂਗ ਸੂਤਰ ਸੁਨਣ ਦੀ ਇੱਛਾ ਪ੍ਰਗਟ ਕੀਤੀ । ਸ਼੍ਰੀ ਸੁਧਰਮਾ ਸਵਾਮੀ ਨੇ ਅਪਣੇ ਚੇਲੇ ਗਨਧਰ ਜੰਬੂ ਸਵਾਮੀ ਨੂੰ ਇਸ ਸੂਤਰ ਦਾ ਅਰਥ ਉਸੇ ਪ੍ਰਕਾਰ ਸਮਝਾਇਆ, ਜਿਵੇਂ ਕਿ ਉਨ੍ਹਾਂ ਸ਼੍ਰਮਣ ਭਗਵਾਨ ਮਹਾਵੀਰ ਤੋਂ ਸੁਣਿਆਂ ਸੀ । ਇਸ ਸੂਤਰ ਦੇ ਦਸ ਅਧਿਐਨ ਹਨ । ਪਹਿਲੇ ਅਧਿਐਨ ਵਿਚ ਆਨੰਦ ਸ਼੍ਰਾਵਕ ਦਾ ਜੀਵਨ ਅਤੇ ਸ਼੍ਰਾਵਕ ਧਰਮ ਗ੍ਰਹਿਣ ਕਰਨ ਦਾ ਵਰਨਣ ਹੈ । •

# ਸ਼੍ਰੀ ਉਪਾਸਕ ਦਸ਼ਾਂਗ ਸੂਤਰ

## ਪਹਿਲਾ ਅਧਿਐਨ

ਉਸ ਕਾਲ, ਉਸ ਸਮੇਂ ਵਿਚ ਚੰਪਾ ਨਾਂ ਦੀ ਨਗਰੀ ਸੀ। ਉਸਦਾ ਵਰਨਣ ਹੋਰ ਨਗਰਾਂ ਦੀ ਤਰ੍ਹਾਂ ਸਮੱਝ ਲੈਣਾ ਚਾਹੀਦਾ ਹੈ। ਉਥੇ ਪੂਰਨ ਭੱਦਰ ਨਾਮਕ ਯਕਸ਼ ਦਾ ਚੇਤਯ (ਮੰਦਰ) ਸੀ ।1।

---

ਟਿਪਣੀ ਪਾਠ ਨੰ: 1

ਇਸ ਨਗਰੀ ਦਾ ਵਿਸਥਾਰ ਨਾਲ ਵਰਨਣ ਸ੍ਰੀ ਉਵਵਾਈ ਸੂਤਰ ਵਿਚ ਮਿਲਦਾ ਹੈ। ਸ਼ਾਸਤਰਾਂ ਵਿਚ ਇਹ ਮਰਿਆਦਾ ਹੈ, ਕਿ ਜਿਥੇ ਇਕ ਕਿਸਮ ਦਾ ਵਰਨਣ ਹੁੰਦਾ ਹੈ ਉਥੇ ਜਾਵ (ਜਾਵ) ਸ਼ਬਦ ਆਖ ਦਿਤਾ ਜਾਂਦਾ ਹੈ ਜਿਸਦਾ ਭਾਵ ਹੈ, ਕਿ ਜਿਵੇਂ ਪਹਿਲਾ ਵਰਨਣ ਕੀਤਾ ਜਾ ਚੁਕਾ ਹੈ।

### ਚੰਪਾ ਨਗਰੀ ਦਾ ਵਰਨਣ

ਉਸ ਕਾਲ, ਉਸ ਸਮੇਂ ਚੰਪਾ ਨਾਂ ਦੀ ਨਗਰੀ ਸੀ, ਉਹ ਮਹਾਨ ਰਿੱਧੀਆਂ ਸਿੱਧੀਆਂ ਨਾਲ ਭਰਪੂਰ ਸੀ, ਉਸ ਸ਼ਹਿਰ ਦੇ ਲੋਕ ਖੁਸ਼ੀ ਭਰਪੂਰ ਜਿੰਦਗੀ ਬਤੀਤ ਕਰਦੇ ਸਨ, ਉਥੋਂ ਦੀ ਵਸੋਂ ਭਰਵੀਂ ਸੀ, ਉਸਦੇ ਆਸ ਪਾਸ ਸੈਂਕੜੇਂ, ਹਜਾਰਾਂ, ਲੱਖਾਂ ਹੱਲਾ ਦੇ ਜੋਤਨ ਯੋਗ ਵਾਹੀ ਦੀ ਭੂਮੀ ਸੀ ਉਸ਼ ਨਗਰ ਵਿਚ ਅਨੇਕਾਂ ਮੁਰਗਿਆਂ ਤੇ ਸਾਂਡ ਦੇ ਝੁੰਡ ਸਨ। ਉਸ ਨਗਰ ਵਿਚ ਗੰਨੇ, ਜੌਂ ਤੇ ਚਾਵਲ ਦੇ ਖੇਤ ਸੋਹਣੇ ਲਗਦੇ ਸਨ, ਉਸ ਸ਼ਹਿਰ ਵਿਚ ਕਾਫੀ ਸੰਖਿਆ ਵਿਚ ਗਾਵਾਂ, ਮੱਝਾਂ ਤੇ ਭੇਡਾਂ ਸਨ।

ਉਹ ਨਗਰੀ ਸੁੰਦਰ, ਸ਼ਿਲਪ ਭਰਪੂਰ ਚੇਤਿਆਵਾਂ (ਸਮਾਰਕ ਮੰਦਿਰਾਂ) ਅਤੇ ਨੌਜਵਾਨ ਲੜਕੀਆਂ ਦੀਆਂ ਸੰਸਥਾਵਾਂ ਨਾਲ ਭਰਪੂਰ ਸੀ। ਉਹ ਨਗਰੀ ਰਿਸ਼ਵਤਖੋਰ, ਜੇਬ ਕਤਰੇ, ਉਚੱਕੇ, ਚੋਰ, ਡਾਕੂ ਭੈੜੇ ਲੋਕਾਂ ਅਤੇ ਰਾਜਿਆਂ ਦੇ ਅਤਿੱਆਚਾਰਾਂ ਤੋਂ ਰਹਿਤ ਸੀ।

ਉਥੇ ਭਿਕਸ਼ੂਆਂ ਨੂੰ ਖਾਣ ਲਈ ਯੋਗ ਭਿਕਸ਼ਾ ਮਿਲਦੀ ਸੀ, ਉਥੇ ਭਿੰਨ ਭਿੰਨ ਮੱਤਾਂ ਦੇ ਲੋਕ ਭੈ ਰਹਿਤ ਹੋਕੇ, ਅਰਾਮ ਦੀ ਜ਼ਿੰਦਗੀ ਗੁਜਾਰਦੇ ਸਨ। ਘਣੀ ਆਬਾਦੀ ਹੋਣ ਦੇ ਬਾਵਜੂਦ ਵੀ ਲੋਕ ਆਪਸ ਵਿਚ ਬੜੇ ਅਮਨ, ਸੰਤੋਖ ਨਾਲ ਰਹਿੰਦੇ ਸਨ, ਉਸ ਨਗਰੀ ਵਿਚ ਨਾਟਕ ਕਰਨ ਵਾਲੇ ਨਚਣ ਵਾਲੇ, ਮੁੱਕੇਵਾਜ, ਵਿਦੂਸ਼ਕ, ਕਥਾ ਕਰਨ ਵਾਲੇ, ਤੈਰਾਕ, ਵੀਰ ਰਸ ਦੀਆਂ ਕਹਾਣੀਆਂ ਗਾਉਣ ਵਾਲੇ, ਚੰਗਾ ਮੰਦਾ ਫਲ ਦਸਣ ਵਾਲੇ, ਬਾਂਸ ਤੇ ਖੇਡ ਵਿਖਾਉਣ ਵਾਲੇ, ਤਸਵੀਰਾਂ ਵਿਖਾਕੇ ਗੁਜਾਰਾ ਕਰਨ ਵਾਲੇ, ਦੂਣ ਨਾਮਕ ਵੀਣ ਵਜਾਉਣ ਵਾਲੇ ਤੇ ਝਾਕੀਆਂ ਵਿਖਾਉਣ ਵਾਲੇ ਰਹਿੰਦੇ ਸਨ, ਉਸ ਨਗਰੀ ਵਿਚ ਅਨੇਕਾਂ ਘਰੇਲੂ ਬਗੀਚੀਆਂ, ਪਬਲਿਕ ਪਾਰਕ, ਖੂਹ ਤਲਾਓ, ਲੰਬੀਆਂ ਬਾਊਲੀਆਂ ਅਤੇ ਜਲ ਕਿਆਰੀਆਂ ਸਨ।

ਉਸ ਨਗਰੀ ਵਿਚ, ਉੱਚੀ ਵਿਸਥਾਰ ਵਾਲੀ ਡੂੰਘੀ ਤੇ ਉਪਰ ਤੋਂ ਚੌੜੀ ਖਾਈ ਸੀ ਜਿਸ ਵਿਚ ਚੱਕਰ, ਗੱਦਾ, ਮਸੁੰਡੀ (ਇਕ ਪ੍ਰਕਾਰ ਦੀ ਬੰਦੂਕ) ਅਵਰੋਧ (ਹਾਥੀਆਂ ਨੂੰ ਰੋਕਣ ਵਾਲਾ ਮਜਬੂਤ ਹਥਿਆਰ) ਸ਼ਤ ਧਵਨੀ (ਤੋਪ) ਅਤੇ ਵਿਸ਼ਾਲ ਦਰਵਾਜੇ ਸਨ ਖਾਸ ਪ੍ਰਕਾਰ ਦੇ ਗੋਲ ਕਵਿ ਸ਼ੀਸਗ (ਬਾਂਦਰ ਦੇ ਸਿਰ ਵਾਂਗ ਬਾਹਰ ਦੁਸ਼ਮਨ ਦੀਆਂ ਹਰਕਤਾਂ ਵੇਖਣ ਵਾਲੇ ਮੋਘੇ) ਸ਼ੋਭਾ ਦੇ ਰਹੇ ਸਨ, ਉਸ ਕਿਲੇ ਵਿਚ ਅਨੇਕਾਂ ਪ੍ਰਕਾਰ ਦੇ ਸੁਰਖਿਅਤ ਸਥਾਨ, ਛੋਟੀਆਂ ਛੋਟੀਆਂ ਖਿੜਕੀਆਂ, ਸ਼ਹਿਰ ਦੇ ਦਰਵਾਜੇ ਅਤੇ ਸੁੰਦਰ ਤੋਰਨ ਦਵਾਰ ਸਨ, ਇਹ ਦਰਵਾਜੇ ਸ਼ਹਿਰ ਦੀਆਂ ਸੜਕਾਂ ਨੂੰ ਕਈ ਭਾਗਾਂ ਵਿਚ ਵੰਡਦੇ ਸਨ, ਉਨ੍ਹਾਂ ਦਰਵਾਜਿਆਂ ਤੇ ਇੰਦਰਕਿਲ (ਦਰਵਾਜਿਆਂ ਦੇ ਤਿਖੇ ਕਿਲ) ਕੁਸ਼ਲ ਸ਼ਿਲਪ ਅਚਾਰੀਆ ਰਾਹੀਂ ਬਨਾਏ ਗਏ ਸਨ। ਉਸ ਨਗਰੀ ਵਿਚ ਅਨੇਕਾਂ ਹਟਾਂ, ਵਿਉਪਾਰ ਦੇ ਕੇਂਦਰ ਸਨ, ਜੋ ਲੋਕਾਂ ਦੀ ਜਰੂਰਤ ਪੂਰੀ ਕਰਦੇ ਸਨ। ਤਿਕੋਨ, ਚੌਂਕ ਅਤੇ ਚਾਰ ਤੋਂ ਜਿਆਦਾ ਰਸਤਿਆਂ ਦੇ ਰਾਹ ਵਿਚ ਅਨੇਕਾਂ ਲੋਕਾਂ ਦੀ ਭੀੜ ਸੜਕ ਤੇ ਘੁੰਮਦੀ ਸੀ, ਰਾਹ ਵਿਚ ਅਨੇਕਾਂ ਘੋੜੇ, ਮਸਤ ਹਾਥੀ, ਢੱਕੀਆਂ ਪਾਲਕੀਆਂ, ਰੱਥਾਂ ਤੇ ਗੱਡੀਆਂ ਆਦਿ ਸਵਾਰੀਆਂ ਘੁੰਮਦੀਆਂ ਸਨ, ਕਮਲ ਅਤੇ ਹਰਿਆਲੀ ਨਾਲ ਭਰਪੂਰ ਤਲਾਓ ਰਾਹਾਂ ਦੀ ਸ਼ੋਭਾ ਵਧਾਉਂਦੇ ਸਨ, ਸੜਕ ਦੇ ਦੋਹਾਂ ਕਿਨਾਰੇ ਸਫੇਦ ਭਵਨਾਂ ਦੀਆਂ ਕਤਾਰਾਂ ਮਨ ਨੂੰ ਮੋਹਦੀਆਂ ਸਨ, ਸ਼ਹਿਰ ਨੂੰ ਵੇਖਦੇ ਅੱਖ ਉੱਚੀ ਹੁੰਦੀ ਸੀ, ਸ਼ਹਿਰ ਚਿੱਤ ਨੂੰ ਚੰਗਾ ਲਗਣ ਵਾਲਾ ਅੱਖਾਂ ਨੂੰ ਚੰਗਾ ਲਗਣ ਵਾਲਾ, ਮਨ ਨੂੰ ਮੋਹਨ ਵਾਲਾ ਤੇ ਦਿਲ ਵਿਚ ਵਸ ਜਾਣ ਵਾਲਾ ਸੀ।

## ਪੂਰਨ ਭੱਦਰ ਚੇਤਯ (ਮੰਦਰ) ਦਾ ਵਰਨਣ

ਉਸ ਚੰਪਾ ਨਗਰੀ ਦੇ ਬਾਹਰ ਉੱਤਰ ਪੂਰਵ ਵਲ ਇਕ ਪੂਰਨ ਭੱਦਰ ਨਾਂ ਦਾ ਚੇਤਯ

(ਯਕਸ਼ ਦਾ ਮੰਦਰ) ਸੀ, ਉਹ ਬਹੁਤ ਪੁਰਾਤਨ ਸੀ, ਪੁਰਾਣੇ ਲੋਕ ਵੀ ਉਸ ਮੰਦਰ ਦੀ ਪ੍ਰਾਚੀਨਤਾ ਵਾਰੇ ਦਸਦੇ ਸਨ, ਉਸ ਚੇਤਯ ਦੀ ਪ੍ਰਸ਼ੰਸ਼ਾ ਵਿਚ ਅਨੇਕਾਂ ਗੀਤ ਬਨ ਚੁਕੇ ਸਨ, ਉਸ ਚੇਤਯ ਨੂੰ ਚੜ੍ਹਾਵੇ ਦੀ ਆਮਦਨ ਸੀ ਇਹ ਮੰਦਰ ਛੱਤਰ, ਧਵੱਜ, ਘੰਟਾ, ਛੋਟੀਆਂ ਬੜੀਆਂ ਝੰਡੀਆਂ ਨਾਲ ਸਜਿਆ ਹੋਇਆ ਸੀ, ਉਥੇ ਇਕ ਵੇਦੀ ਸੀ, ਜਮੀਨ ਗੋਹੇ ਨਾਲ ਲਿਪੀ ਹੋਈ ਸੀ, ਕੰਧਾਂ ਖੜ੍ਹੀਆਂ ਮਿੱਟੀ, ਚੂਨੇ ਆਦਿ ਨਾਲ ਬਨਾਈਆਂ ਗਈਆਂ ਸਨ, ਕੰਧਾਂ ਤੇ ਗੋਰੋਚਨ ਅਤੇ ਲਾਲ ਚੰਦਨ ਦੇ ਹੱਥਾਂ ਦੇ ਛਾਪੇ ਲਗੇ ਹੋਏ ਸਨ, ਚੰਦਨ ਕਲਸ਼ ਰਖੇ ਹੋਏ ਸਨ। ਹਰ ਦਰਵਾਜਾ ਚੰਦਨ, ਕਲਸ਼ ਤੇ ਝੰਡੀਆਂ ਨਾਲ ਸਜਿਆ ਹੋਇਆ ਸੀ ਉਥੇ ਛੱਤ ਨੂੰ ਛੋਂਹਦੇ ਹੋਏ ਵਿਸ਼ਾਲ ਗੋਲ, ਫੁੱਲ ਬੂਟੇ ਅਤੇ ਬੇਲਾਂ ਖੋਦੀਆਂ ਹੋਈਆਂ ਸਨ।

ਚੇਤਯ ਪੰਜ ਰੰਗੇ ਸੁਗੰਧ ਵਾਲੇ ਫੁੱਲਾਂ ਕਲੀਆਂ ਦੀ ਪੂਜਾ ਨਾਲ ਭਰਪੂਰ ਸੀ ਭਾਵ ਉਥੇ ਫੁੱਲਾਂ ਨਾਲ ਪੂਜਾ ਹੁੰਦੀ ਸੀ ਕਾਲਾ ਅਗਰ (ਧੂਪ) ਉੱਤਮ ਕੁਦਰੁਕ ਅਤੇ ਤਰੁੱਕ ਦੀ ਧੂਪ ਦੀ ਖੁਸ਼ਬੂ ਵਾਤਾਵਰਨ ਨੂੰ ਮਨਮੋਹਕ ਬਨਾਉਂਦੀ ਸੀ, ਮਹਿਕ ਦੀਆਂ ਲਪਟਾਂ ਉਠਦੀਆਂ ਸਨ ਸੁਗੰਧਿਤ ਧੂਏਂ ਦੇ ਛੱਲੇ ਬਨ ਜਾਂਦੇ ਸਨ, ਉਹ ਚੇਤਯ, ਨਟ, ਨਚਣ ਵਾਲੇ ਜਲ, ਰਸੀ ਤੇ ਚੜਨ ਵਾਲਾ, ਮਲ, ਮੁਕੇਵਾਜ, ਵਿਦੁਸ਼ਕਾਂ (ਹਸਾਉਣ ਵਾਲੇ) ਤੈਰਾਕਾਂ, ਕਥਾ ਕਰਨ ਵਾਲਿਆਂ, ਰਾਸ ਵਾਲਿਆਂ, ਭਵਿੱਖ ਦਸਣ ਵਾਲਿਆਂ, ਬਾਂਸ ਦੇ ਉਪਰ ਖੇਲ ਵਿਖਾਉਣ ਵਾਲਿਆਂ, ਦੇਵਤਿਆਂ ਤੇ ਵੀਰਾਂ ਦੀਆਂ ਤਸਵੀਰ ਵਿਖਾਉੱਣ ਵਾਲਿਆਂ, ਤੁਨਤਨੀ ਬਜਾਉਣ ਵਾਲਿਆਂ ਵੀਨਾ ਬਜਾਉਣ ਵਾਲਿਆਂ ਪੁਜਾਰੀਆਂ ਤੇ ਭੱਟਾਂ ਨਾਲ ਭਰਿਆ ਰਹਿੰਦਾ ਸੀ, ਬਹੁਤ ਸਾਰੇ ਦੇਸਾਂ ਤੇ ਪ੍ਰਦੇਸ਼ਾਂ ਵਿਚ ਉਸ ਚੇਤਯ ਦਾ ਯਸ਼ ਫੈਲ ਚੁਕਾ ਸੀ ਬਹੁਤ ਸਾਰੇ ਭਗਤਾਂ ਦੇ ਲਈ ਖਾਸ ਢਗਾਂ, ਨਾਲ, ਚੰਦਨ ਆਦਿ ਸੁਗੰਧਿਤ ਪਦਾਰਥ ਦੀ ਪੂਜਾ ਯੋਗ ਸਤੁਤੀ ਬੰਦਨ ਕਰਨ ਯੋਗ, ਅੰਗਾਂ ਨੂੰ ਝੁਕਾ ਕੇ ਨਮਸਕਾਰ ਕਰਨ ਯੋਗ, ਫੁੱਲਾਂ ਨਾਲ ਪੂਜਨ ਯੋਗ, ਕਪੜੇ ਆਦਿ ਨਾਲ ਸਤਿਕਾਰ ਕਰਨ ਯੋਗ, ਮਨ ਨਾਲ ਆਦਰ ਦੇਣ ਯੋਗ ਕਲਿਆਣ, ਮੰਗਲ ਅਤੇ ਦੇਵਤੇ ਦੇ ਯੋਗ, ਵਿਨੈ ਨਾਲ ਭਗਤੀ ਕਰਨ ਯੋਗ, ਮਹਾਨ ਸੱਚ, ਮਨ ਦੀਆਂ ਮੁਰਾਦਾਂ ਪੂਰੀਆਂ ਕਰਨ ਵਾਲਾ, ਸੇਵਾ ਦਾ ਫਲ ਦੇਣ ਵਾਲਾ ਅਤੇ ਹਜਾਰਾਂ ਪ੍ਰਕਾਰ ਦੀ ਪੂਜਾ ਨਾਲ ਖੁਸ਼ੀ ਦੇਣ ਵਾਲਾ ਸੀ। ਬਹੁਤ ਸਾਰੇ ਲੋਕ ਪੂਰਨ ਭੱਦਰ ਚੇਤਯ ਵਿਚ ਆਕੇ ਪੂਜਾ ਕਰਦੇ ਸਨ।

## ਬਾਗ ਦਾ ਵਰਨਣ

ਉਹ ਪੂਰਨ ਭੱਦਰ ਚੇਤਯ ਬਹੁਤ ਬੜੇ ਬਨ ਖੰਡ (ਜੰਗਲ) ਨਾਲ ਚਹੁ ਪਾਸਿਆਂ ਨਾਲ ਘਿਰਿਆ ਹੋਇਆ ਸੀ ਉਸ ਬਨਖੰਡ ਦੀ ਝਾਂਕੀ ਅਤੇ ਛਾਂ ਕਾਲੀ, ਨੀਲੀ, ਹਰੀ ਠੰਡੀ,

ਚਮਕੀਲੀ ਅਤੇ ਤੇਜ ਸੀ। ਉਹ ਬਾਗ ਆਪ ਫੁਲਾਂ ਨਾਲ ਭਰਪੂਰ ਸੀ, ਉਸ ਬਾਗ ਦੀਆਂ ਸ਼ਾਖਾਵਾਂ ਚਟਾਈ ਦੀ ਤਰ੍ਹਾਂ ਸੰਘਣੀਆਂ ਸਨ।

ਉਸ ਬਨ ਦੇ ਦਰਖਤ, ਮੂਲ, ਕੰਦ, ਸਕੰਧ, ਛਾਲ, ਸ਼ਾਖਾ ਪ੍ਰਵਾਲ (ਪੱਤੇ ਫੁਟਣ ਦੀ ਹਾਲਤ) ਪੱਤੇ, ਫੁੱਲ-ਫੱਲ ਤੇ ਬੀਜਾਂ ਨਾਲ ਭਰਪੂਰ ਸਨ, ਉਹ ਉਤਮ ਢੰਗ ਨਾਲ ਵਧੇ ਹੋਏ ਸਨ, ਸੁੰਦਰ ਤੇ ਗੋਲ ਸਨ ਅਨੇਕਾਂ ਸ਼ਾਖਾਂ ਉਪ ਸ਼ਾਖਾਵਾਂ ਨਾਲ ਫੱਲੇ ਹੋਏ ਸਨ, ਅਨੇਕਾਂ ਆਦਮੀਆਂ ਦੀਆਂ ਪਸਾਰੀਆਂ ਬਾਹਾਂ ਵੀ ਨਾ ਪਕੜ ਸਕਨ, ਅਜਿਹੇ ਮੋਟੇ ਉਨ੍ਹਾਂ ਦਰਖਤਾਂ ਦੇ ਤਨੇ ਸਨ, ਪੱਤੇ ਛੇਦ ਰਹਿਤ, ਇਕ ਦੂਜੇ ਨੂੰ ਛਾਂ ਦੇਣ ਵਾਲੇ, ਕੀੜੇ ਮਕੋੜੇ, ਟਿੱਡੀਆਂ, ਚੂਹੇ ਆਦਿ ਜੰਤੂਆਂ ਤੋਂ ਰਹਿਤ ਸਨ ਉਨ੍ਹਾਂ ਦਰਖਤਾਂ ਤੇ ਪੁਰਾਣੇ ਪੀਲੇ ਪੱਤੇ ਗਿਰਾ ਦਿਤੇ ਜਾਂਦੇ ਸਨ। ਉਥੇ ਹਰੇ ਚਮਕਦੇ, ਨਵੇਂ ਪੱਤਿਆਂ ਕਾਰਨ ਉਥੇ ਹਨੇਰ ਤੇ ਗੰਭੀਰਤਾ ਵਿਖਾਈ ਦਿੰਦੀ ਸੀ, ਉਹ ਦਰਖਤ ਤਾਜੇ, ਨਵੇਂ ਮਜਬੂਤ ਪੱਤਿਆਂ, ਤਾਂਬੇ ਦੇ ਰੰਗ ਜੇਹੇ ਕੋਮਲ ਉਜਲ ਹਿਲਦੇ ਪੱਤਿਆਂ ਅਤੇ ਤਾਂਬੇ ਦੇ ਰੰਗ ਜੇਹੇ ਕੋਮਲ ਪੱਤਿਆਂ ਨਾਲ ਲੱਦੇ ਹੋਏ ਸਨ।

ਉਨ੍ਹਾਂ ਵਿਚ ਕਈ ਦਰਖਤ ਬਾਰਾਂ ਮਹੀਨੇ ਫਲਦੇ ਫੁਲਦੇ ਸਨ, ਕਈ ਦਰਖਤ ਸਦਾ ਫੁਲਾਂ ਨਾਲ ਲੱਦੇ ਰਹਿੰਦੇ ਸਨ, ਕਈ ਹਰ ਰੋਜ ਪੱਤਿਆਂ ਦੇ ਭਾਰ ਨਾਲ ਝੂਮਦੇ ਸਨ, ਕਈ ਹਮੇਸ਼ਾ ਫੁੱਲਾਂ ਦੇ ਗੁੱਛਿਆਂ ਨਾਲ ਲੱਦੇ ਰਹਿੰਦੇ ਸਨ, ਕਈ ਪੱਤਿਆਂ ਦੇ ਗੁਛੇਆਂ ਨਾਲ ਸੋਹਣੇ ਲਗਦੇ ਸਨ ਕਈ ਦਰਖਤ ਮਜਬੂਤੀ ਨਾਲ ਖੜੇ ਸਨ ਕਈ ਵੇਲਾਂ ਵਾਲੇ ਸਨ ਕਈ ਫਲ ਦੇ ਭਾਰ ਨਾਲ ਝੁਕੇ ਰਹਿੰਦੇ ਸਨ। ਉਹ ਦਰਖਤਾਂ ਦਾ ਝੁੰਡ, ਦੂਰ ਤਕ ਪਹੁੰਚਣ ਵਾਲੀ ਸੁਗੰਧੀ ਕਾਰਣ ਮਨ ਨੂੰ ਮੋਹ ਲੈਂਦਾ ਸੀ ਕਿਉਂਕਿ ਉਹ ਦਰੱਖਤਾਂ ਦਾ ਝੁੰਡ ਪਿਆਸ ਬੁਝਾਉਣ ਵਾਲੀ ਸੁਗੰਧੀ ਛਡਦਾ ਸੀ, ਉਥੇ ਭਿੰਨ ਭਿੰਨ ਗੁਛੇ, ਵੇਲਾਂ, ਮੰਡਪ, ਘਰ, ਚੰਗੀਆਂ ਸੜਕਾਂ, ਕਿਆਰੀਆਂ ਅਤੇ ਝਾੜੀਆਂ ਦੀ ਬਹੁਤਾਤ ਸੀ ਉਥੇ ਰਥ, ਯਾਨ, ਡੋਲੀਆਂ, ਪਾਲਕੀਆਂ ਖੜਾਉਣ ਦੇ ਥਾਂ ਸਨ। ਇਸ ਪ੍ਰਕਾਰ ਉਹ ਦਰਖਤ ਮਨ ਦੇ ਲਈ ਖੁਸ਼ੀ ਦੇਣ ਵਾਲੇ, ਅੱਖਾਂ ਨੂੰ ਚੰਗੇ ਲਗਣ ਵਾਲੇ, ਮਨ ਵਿਚ ਖੁਬਨ ਵਾਲੇ ਅਤੇ ਦਿਲ ਖਿਚਵੇਂ ਸਨ।

ਉਸ ਬਨਖੰਡ (ਜੰਗਲ) ਵਿਚ ਸ਼ੁਕ (ਤੋਤਾ) ਮੋਰ, ਮੈਨਾਂ, ਕੋਇਲ, ਕੋਹਗਨ, ਭਿਗਾਂਰਕ, ਕੋਂਡਲਕ, ਜੀਵ, ਜੀਵਕ (ਚਕੋਰ) ਨੰਦੀ ਮੁੱਖ, ਕਪਿਲ, ਪਿਗਲਾਕਸ, ਕਾਰੰਡ (ਬਤਖ) ਚਕਰਵਾਰ, ਕਲਹੰਸ ਅਤੇ ਸਾਰਸ ਆਦਿ ਅਨੇਕਾਂ ਪੰਛੀਆਂ ਦੇ ਜੋੜੇ ਮਿਠੇ ਸੰਗੀਤ ਛੇੜਦੇ ਸਨ ਇਨ੍ਹਾਂ ਪੰਛੀਆਂ ਕਾਰਣ ਬਨ ਦੀ ਸੋਭਾ ਵਧ ਗਈ ਸੀ, ਦੀਵਾਨੇ ਭੰਵਰੇ ਅਤੇ ਮਧੂ ਮਖੀਆਂ ਇਕੱਠੀਆਂ ਹੋਕੇ ਉਥੇ ਘੁੰਮਦੀਆਂ ਸਨ, ਫੁੱਲਾਂ ਦੇ ਰਸ ਦੇ ਲਾਲਚ ਵਸ ਸਾਰੇ ਭੰਵਰੇ ਗੁਣਗੁਣਾਕੇ ਇੱਧਰ ਉੱਧਰ ਸੰਗੀਤ ਛੇੜਦੇ ਸਨ।

ਦਰੱਖਤ ਅੰਦਰੋਂ ਫੁਲ, ਫਲਾਂ ਨਾਲ ਅਤੇ ਬਾਹਰ ਪਤੀਆਂ ਨਾਲ ਭਰਪੂਰ ਸਨ, ਉਨਾਂ ਦੇ ਫੱਲ ਮਿਠੇ ਸਨ ਰੋਗ ਰਹਿਤ ਤੇ ਕੰਡਿਆਂ ਤੋਂ ਰਹਿਤ ਸਨ ਉਹ ਬਨ ਖੰਡ ਅਨੇਕਾਂ ਪ੍ਰਕਾਰ ਦੀਆਂ ਗੁਛੀਆਂ, ਬੇਲਾਂ, ਬੇਲਾ ਦੇ ਦਰਵਾਜਿਆਂ ਕਾਰਨ ਬਹੁਤ ਸੋਹਣਾ ਲਗਦਾ ਸੀ। ਉਥੇ ਚੋਰਸ ਬਾਵੜੀਆਂ, ਗੋਲ ਬਾਵੜੀਆਂ ਅਤੇ ਲੰਬੀਆਂ ਬਾਵੜੀਆਂ ਵਿਚ ਰੰਗ ਵਿਰੰਗੀਆਂ ਝੰਡੀਆਂ ਅਤੇ ਸੁੰਦਰ ਢੰਗ ਨਾਲ ਬਨੇ ਜਾਲੀਆਂ ਵਾਲੇ ਘਰ ਸਨ।

## ਅਸ਼ੋਕ ਦਰਖਤ

ਉਸ ਬਨ ਖੰਡ ਦੇ ਵਿਚਕਾਰ ਇਕ ਵਿਸ਼ਾਲ ਅਸ਼ੋਕ ਦਰੱਖਤ ਸੀ, ਉਹ ਸੁੰਦਰ ਸੀ ਉਸ ਦਰੱਖਤ ਦਾ ਮੂਲ (ਜੜਾਂ) ਘਾਹ ਤੇ ਦੂਭ ਤੋਂ ਰਹਿਤ ਸੀ ਉਸਦੇ ਮੂਲ ਆਦਿ ਦਸ ਅੰਗ ਸਰੇਸ਼ਟ ਸਨ (ਬਾਕੀ ਜੋ ਦਰਖਤ ਦੇ ਉਪਰ ਗੁਣ ਆਖੇ ਗਏ ਹਨ ਸਮਝ ਲੈਣੇ ਚਾਹੀਦੇ ਹਨ।

ਉਹ ਅਸ਼ੋਕ ਦਰਖਤ ਤਿਲਕ, ਲਚੁਕ, ਛਤਰੋਪ, ਸਿਰੀਸ, ਸਪਤਪਰਨ, ਦਧਿਪਰਨ, ਲੋਧਰ, ਧਵ, ਚੰਦਨ, ਅਰਜਨ, ਨੀਪ, ਕੁਟਜ, ਕੁੰਦਬ, ਸਰਯ, ਪਨਸ ਦਾੜੀਆਂ ਮਾਲ, ਤਾਲ ਤਮਾਲ, ਨਿਯਕ, ਪ੍ਰਿਯਗੂੰ, ਪੁਰੋਪਗ, ਰਾਜਬ੍ਰਿਖਸ ਅਤੇ ਨੰਦੀ ਦਰੱਖਤਾਂ ਨਾਲ ਘਿਰਿਆ ਹੋਇਆ ਸੀ। ਸਭ ਗੁਣ ਇਨਾਂ ਦਰਖਤਾਂ ਵਿਚ ਸਨ। ਕਈ ਇਸ ਪ੍ਰਕਾਰ ਸਥਿਰ ਸਨ, ਜਿਵੇਂ ਹੁਣੇ ਝੁਕ ਜਾਨਗੇ। ਇਹ ਦਰਖਤ ਸਾਰੇ ਗੁਣਾਂ ਨਾਲ ਭਰਪੂਰ, ਸੁੰਦਰ ਕਲਗੀਆਂ ਨਾਲ ਭਰਪੂਰ ਸਨ।

ਤਿਲਕ ਤੋਂ ਲੈਕੇ ਨੰਦੀ ਤਕ ਦੇ ਦਰਖਤ ਬਹੁਤ ਸਾਰੀਆਂ ਪਦੱਮ ਬੇਲਾਂ, ਨਾਗਬੇਲਾਂ, ਅਸ਼ੋਕ ਬੇਲਾਂ, ਚੰਪਾ ਬੇਲਾਂ, ਮਹਿਕਾਰ ਬੇਲਾਂ, ਬਨਬੇਲਾਂ, ਬੰਸਤੀਬੇਲਾਂ, ਅਤਿਮੁਕਤ ਬੇਲਾਂ, ਕੁੰਦਨ ਬੇਲਾਂ ਅਤੇ ਸਿਆਮ ਬੈਲਾਂ ਨਾਲ ਘਿਰੇ ਹੋਏ ਸਨ ਉਹ ਬੇਲਾਂ ਹਮੇਸ਼ਾ ਫੁੱਲਣ ਫਲਣ ਵਾਲੀਆਂ ਸਨ (ਬਾਕੀ ਗੁਣ ਦਰਖਤਾਂ ਵਾਲੇ ਪੜ੍ਹ ਲੈਣੇ ਚਾਹੀਦੇ ਹਨ)।

## ਸ਼ਿਲਾਪਟਕ

ਉਹ ਸ਼ਰੇਸ਼ਟ ਅਸ਼ੋਕ ਦਰੱਖਤ ਹੇਠਾਂ ਇਕ ਵਿਸ਼ਾਲ ਸ਼ਿਲਾ ਪਟਕ (ਚੋਂਤਰਾ) ਸੀ ਉਸ ਦੀ ਲੰਬਾਈ, ਚੋੜਾਈ ਅਤੇ ਉਚਾਈ ਉੱਤਮ ਸੀ। ਉਹ ਕਾਲਾ ਸੀ, ਉਹ ਸ਼ਿਲਾ ਸੁਰਮਾ, ਬਦੱਲ, ਕ੍ਰਿਪਾਣ, ਨੀਲਾ ਕਮਲ, ਬਲਦੇਵ ਦੇ ਵਸਤਰ, ਅਕਾਸ਼, ਵਾਲ, ਕਜਲ ਦੇ ਘਰ,